# ਮੋਤੀਆਂ ਦੀ ਮਾਲਾ



ਹਰਭਜਨ ਸਿੰਘ ਪਰਵਾਨਾ

Sri Satguru Jagjit Singh Ji eLibrary NamdhariElibrary@gmail.com



# Sri Satguru Jagjit Singh Ji eLibrary

www.archive.org/details/namdhari

Sri Satguru Jagjit Singh Ji eLibrary (Namdhari eLibrary) has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji eLibrary online, which until now have only been available to a handful of scholars and researchers.

This new Sri Satguru Jagjit Singh Ji eLibrary allows school children, students, researchers, and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji eLibrary, but it is just a first step on a long road.

You can access this information free of charge. The range of books available in this Elibrary are on Gurbani, Ancient, Sikhism, Namdhari, History, Youth, Children, and others.

In order to continue conserving, digitising and publishing our numerous literatures online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the eLibrary's collections are conserved and digitised, and are made available to students, scholars, and readers the world over. The eLibrary collection is growing day by day and some rare and priceless books/magazines/manuscripts and other items have already been digitised.

Access the SJS eLibrary on the following link

www.archive.org/details/namdhari

For INDEX to the SJS eLibrary please use

www.archive.org/details/IndexSJSELibrary

You can also search Namdhari eLibrary on Google to access this Elibrary.

Contact Details

Please contact us on

NamdhariElibrary@gmail.com

# ਮੋਤੀਆਂ ਦੀ ਮਾਲਾ

(ਕਾਵਿ ਸੰਗ੍ਰਹਿ)

**ਹਰਭਜਨ ਸਿੰਘ ਪ੍ਰਵਾਨਾ**

Sri Satguru Jagjit Singh Ji eLibrary NamdhariElibrary@gmail.com

# ਮੋਤੀਆਂ ਦੀ ਮਾਲਾ
(ਕਾਵਿ ਸੰਗ੍ਰਹਿ)

ਹਰਭਜਨ ਸਿੰਘ ਪ੍ਰਵਾਨਾ

TASVIR PRAKASHAN

ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ (ਸਿਰਸਾ)

Sri Satguru Jagjit Singh Ji eLibrary NamdhariElibrary@gmail.com

***MOTIAN DI MALA (Poems)***

**By:**

Harbhajan Singh Parwana

©– Harbhajan Singh Parwana

Sant Nagar (Haryana)
Ludhiana (Punjab)
Mob.94630- 55940

**Rs. - 150/-**
**2019**
**ISBN : 978-93-85862-61-8**
***Printed and Bound in India***
*Published by:*
***Tasvir Prakashan***
***Gurdwara Basti,***
***Mandi Kalanwali-125201***
***Distt. Sirsa (Haryana)***
***Mob. 09416124729***
***Email : tashvirparkashan@gmail.com***
***Printed By :***
***R.K.Offset Prosses, Delhi.***

*All rights reserved:*

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced stored in or introduced in to a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਆਪਣੀ ਧਰਮ ਪਤਨੀ ਲਖਵਿੰਦਰ ਕੌਰ ਨੂੰ ਜਿਸ ਨੇ ਹਰ ਔਖੇ ਸੌਖੇ
ਸਮੇਂ ਵਿੱਚ ਮੇਰਾ ਸਾਥ ਨਿਭਾਇਆ। ਤਿੰਨ ਲਾਲ (ਪੁੱਤਰ)
ਮੇਰੀ ਝੋਲੀ ਵਿੱਚ ਪਾ ਕੇ 11 ਮਈ 1980 ਨੂੰ ਮੈਨੂੰ ਸਦਾ
ਲਈ ਵਿਛੋੜਾ ਦੇ ਗਈ। ਉਸ ਦੀ  ਅੰਤਿਮ ਖਾਹਸ਼ ਕਿ
ਮੇਰੇ ਲਾਲਾਂ ਨੂੰ ਮਤ੍ਰੇਈ ਮਾਂ ਦਾ ਸੇਕ ਨਾ ਲੱਗਣ ਦੇਣਾ।
ਮੇਰਾ ਉਹਦੇ ਨਾਲ ਕੀਤਾ ਵਾਅਦਾ ਕਿ ਮਤ੍ਰੇਈ ਮਾਂ ਦਾ
ਸੇਕ ਤਾਂ, ਤਾਂ ਲੱਗੂ ਜੇ ਮੈਂ ਦੂਜਾ ਵਿਆਹ ਕਰਵਾਵਾਂਗਾ।
ਜਿਸ ਵਾਅਦੇ ਨੂੰ ਮੈਂ ਸਕੁਸ਼ਲ ਨਿਭਾ ਸਕਿਆ।

## ਤਤਕਰਾ


1. ਸਦਾ ਬਹਾਰ ਕਾਵਿ ਸੰਗ੍ਰਹਿ-ਮੋਤੀਆਂ ਦੀ ਮਾਲਾ/8
2. ਨਾਮਧਾਰੀ ਉੱਚ ਪ੍ਰੰਪਰਾ ਦਾ ਪ੍ਰਤੀਕ ਕਵੀ ਪ੍ਰਵਾਨਾ ਜੀ/12
3. ਆਪਣੇ ਵੱਲੋਂ/15
4. ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ/17
5. ਆਇਆ ਨਿਰੰਕਾਰ ਏ/20
6. ਅਰਜਨ ਪਿਆਰਾ/22
7. ਗੀਤ/24
8. ਗੁਰੂ ਅਰਜਨ/26
9. ਪਟਨੇ 'ਚ ਚੰਨ ਚੜ੍ਹਿਆ/29
10. ਗੀਤ ਵਿਸਾਖੀ/31
11. ਪੋਹ ਸੁਦੀ ਸੱਤਵੀਂ ਲਈ.../33
12. ਮਲੇਰਕੋਟਲੇ ਦੇ ਸ਼ਹੀਦਾਂ ਦੀ/36
13. ਬਸੰਤ/39
14. ਗੀਤ ਬਿਰਹੋਂ ਦਾ/40
15. ਗੀਤ ਬਿਰਹੋਂ.../42
16. ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ/43
17. ਭਾਗਾਂ ਭਰੀ ਬਸੰਤ ਬਹਾਰ ਆਈ/46
18. ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾ/47
19. ਗ਼ਮ ਤੇਰੇ ਨੂੰ ਚੂਸਨ ਆਈ/49
20. ਦੇਸ਼ ਨੂੰ ਉਸਾਰ ਲੈ/52
21. ਹਰ ਦਿਲ ਬੂਟਿਓਂ ਪਿਆਰ ਦੀ/54
22. ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ/57
23. ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ/60
24. ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ/63
25. ਜਿੰਦ ਜਾਨ ਪੰਜਾਬੀ ਪੰਜਾਬੀਆਂ ਦੀ/66
26. ਤੇਰਾ ਜੀਵਨ ਇਤਿਹਾਸ ਕੁਰਬਾਨੀਆਂ ਦਾ/68
27. ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ/70
28. ਜੀਵਨ ਦੇ ਦਿਨ ਚਾਰ/72
29. ਕੋਈ ਐਸਾ ਦੀਪ ਜਲਾ ਦੇ/74
30. ਪਿਤਾ ਵੱਲੋਂ ਧੀ ਨੂੰ ਸਿੱਖਿਆ/76
31. ਰੁੱਸ ਤੁਰ ਗਿਆ ਮਾਹੀ/79
32. ਅਮਨ ਏਕਤਾ ਮੰਗੋ ਪੰਜਾਬ ਅੰਦਰ/80

33. ਖ਼ੁਸ਼ੀ ਦਾ ਗੀਤ/82
34. 26 ਜਨਵਰੀ ਲਈ/84
35. ਸੱਜਣਾ ਵੇ.../87
36. ਸੱਜਣਾਂ ਬਾਝੋਂ/88
37. ਵਾੜੀ ਖਿੜੇ ਫੁੱਲ ਫ਼ਲਾਂ ਦੀ/90
38. ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ/93
39. ਦੀਵਾਲੀ/96
40. ਇਨਸਾਨਾਂ ਦੀ/99
41. ਇਨਸਾਨ ਏ/102
42. ਸੁੱਕਾ ਸਾਵਣ/104
43. ਅਮਰ ਕਹਾਣੀ/106
44. ਸਾਡਾ ਝੁੱਗਾ ਸ਼ਰਾਬ ਉਜਾੜਿਆ ਏ/109
45. ਸਾਵਣ/111

## ਸਦਾ ਬਹਾਰ ਕਾਵਿ ਸੰਗ੍ਰਹਿ-ਮੋਤੀਆਂ ਦੀ ਮਾਲਾ

ਪੰਜਾਬੀ ਦੇ ਕਵੀ ਹਰਭਜਨ ਸਿੰਘ ਪ੍ਰਵਾਨਾ ਦਾ ਜਨਮ ਸ਼ੇਖੂਪੁਰਾ ਜ਼ਿਲ੍ਹਾ ਦੇ ਬੱਲੜ੍ਹ ਕੇ ਪਿੰਡ ਵਿੱਚ ਅੱਠ ਦਹਾਕੇ ਪਹਿਲਾਂ ਹੋਇਆ ਸੀ। ਇਹ ਉਸਦਾ ਨਾਨਕਾ ਪਿੰਡ ਸੀ ਜਦੋਂ ਕਿ ਪਿਤਾ ਸ੍ਰ. ਹਰਨਾਮ ਸਿੰਘ ਨਾਮਧਾਰੀ ਸ਼ੇਖੂਪੁਰਾ ਸ਼ਹਿਰ ਦੇ ਨਿਵਾਸੀ ਸਨ। ਸ਼ੇਖੂਪੁਰੇ ਦੇ ਇਸ ਖਿੱਤੇ ਵਿੱਚ ਜਿੱਥੇ ਜਗਤ ਗੁਰੂ ਬਾਬਾ ਨਾਨਕ ਜੀ ਦੇ ਮਾਨਵਤਾ ਨੂੰ ਏਕਤਾ ਦੇ ਸੂਤਰ ਵਿੱਚ ਪਿਰੋਣ ਵਾਲੇ ਬੋਲ ਗੂੰਜੇ ਉੱਥੇ ਸੱਯਦ ਵਾਰਿਸ ਸ਼ਾਹ ਅਤੇ 'ਪੂਰਨ ਭਗਤ' ਦੇ ਕਿੱਸਾਕਾਰ ਕਾਦਰ ਯਾਰ ਜਿਹੇ ਪੰਜਾਬੀ ਦੇ ਉੱਚ ਦੁਮਾਲੜੇ ਸ਼ਾਇਰਾਂ ਦੀ ਵੀ ਇਹ ਜਨਮ ਭੂਮੀ ਸੀ। ਕਹਿ ਸਕਦੇ ਹਾਂ ਕਿ ਕਵਿਤਾ ਸਾਂਦਲ ਬਾਰ ਜਾਂ ਦੁੱਲੇ ਦੀ ਬਾਰ ਨਾਲ ਜਾਣੀ ਜਾਂਦੀ ਇਸ ਰੂਹ ਦੇ ਕਣ ਕਣ ਵਿੱਚ ਮੌਜੂਦ ਸੀ ਜਿੱਥੇ ਕਦੇ ਬਾਲ ਪਰਵਾਨੇ ਨੇ ਅੱਖਾਂ ਖੋਲ੍ਹੀਆਂ ਸਨ। ਸੋਨੇ 'ਤੇ ਸੁਹਾਗੇ ਵਾਲਾ ਕੰਮ ਉਦੋਂ ਹੋਇਆ ਜਦੋਂ ਸ੍ਰ. ਹਰਨਾਮ ਸਿੰਘ ਦਾ ਪਰਿਵਾਰ ਦੇਸ਼ ਵਟਵਾਰੇ ਬਾਅਦ ਉਦੋਂ ਦੇ ਸਾਂਝੇ ਪੰਜਾਬਦੇ ਹਿਸਾਰ ਜ਼ਿਲ੍ਹੇ ਦੀ ਸਿਰਸਾ ਤਹਿਸੀਲ ਦੇ ਪਿੰਡ ਜੱਗ ਮਲੇਰੇ ਵਿੱਚ ਆ ਵੱਸਿਆ। ਇਸ ਨਾਮਧਾਰੀ ਸੰਗਤ ਦੀ ਵਸੋਂ ਵਾਲਾ ਪਿੰਡ ਸੀ ਜਿੱਥੇ ਉਹ ਪੱਛਮੀ ਪੰਜਾਬ ਤੋਂ ਆ ਕੇ 15-20 ਪਿੰਡਾਂ ਵਿੱਚ ਵੱਸ ਗਈ ਸੀ। ਇਸ ਦਾ ਨਾਮ ਬਾਅਦ ਵਿੱਚ ਸੰਤ ਨਗਰ ਰੱਖ ਦਿੱਤਾ ਗਿਆ। ਸੰਤ ਨਗਰ ਬਾਲਕ ਹਰਭਜਨ ਸਿੰਘ ਗਭਰੇਟ ਉਮਰ ਵੱਲ ਵਧ ਰਿਹਾ ਸੀ ਉਦੋਂ ਕੁ ਜਿਹੇ ਇਲਾਕੇ ਦੇ ਦੋ ਨਾਮਧਾਰੀ ਸਾਹਿਤਕਾਰਾਂ ਨੇ ਇੱਥੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ਼੍ਰੀ ਜੀਵਨ ਨਗਰ ਦੀ ਸਥਾਪਨਾ ਕੀਤੀ ਜਿਹਨਾਂ ਦੇ ਨਾਮ ਸਨ ਸੰਤ ਤਰਨ ਸਿੰਘ ਵਹਿਮੀ ਅਤੇ ਪ੍ਰੀਤਮ ਸਿੰਘ ਕਵੀ। ਇਹ ਸਾਹਿਤ ਸਭਾ ਹਰ ਮਹੀਨੇ, ਪਿੰਡ ਸੰਤ ਨਗਰ ਦੇ ਚੌਂਕ ਵਿੱਚ ਸਮੱਸਿਆਂ ਦੇ ਤਹਿਤ ਇੱਕ ਕਵੀ ਦਰਬਾਰ ਕਰਵਾਉਣ ਲੱਗ ਪਈ। ਜਿਸ ਵਿੱਚ ਯੁਵਾ ਪ੍ਰਵਾਨਾ, ਪੇਸ਼ ਰਹਿੰਦਾ। ਇਉਂ ਉਸਦੀ ਕਵਿਤਾ ਵਿੱਚ ਨਿਖਾਰ ਵੀ ਆਉਣ ਲੱਗਾ ਅਤੇ ਪਰਪੱਕਤਾ ਵੀ। ਪ੍ਰੌਢ ਸਾਹਿਤਕਾਰ ਪਹਿਲਾਂ ਮੀਟਿੰਗ ਕਰਕੇ ਕਵਿਤਾ ਦੀ ਸੋਧ ਸੁਧਾਈ ਕਰਦੇ। ਤੋਲ ਤੁਕਾਂਤ ਪੂਰਾ ਕਰਕੇ ਕਾਵਿ ਗੁਣਾਂ ਦੀ ਵਿਆਖਿਆ ਕਰਕੇ ਨਵੇਂ ਕਵੀਆਂ ਨੂੰ ਸੋਧ ਦਿੰਦੇ।

ਪ੍ਰਤੱਖ ਹੈ ਕਿ ਹਰਭਜਨ ਸਿੰਘ ਪ੍ਰਵਾਨਾ ਸਟੇਜੀ ਕਵੀ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਖ਼ਾਸ ਕਰਕੇ ਅਤੇ ਦੂਜੇ ਅੱਧ ਦੇ ਵੀ ਪਹਿਲੇ ਦੋ ਦਹਾਕਿਆਂ ਤੱਕ ਪੰਜਾਬੀ ਕਵਿਤਾ ਵਿੱਚ ਸਟੇਜੀ ਕਵੀ ਬਹੁਤ ਮਕਬੂਲ ਸਨ। ਇਹਨਾਂ ਸਮੁੱਚੇ ਸਟੇਜੀ ਕਵੀਆਂ ਜਿਉਂ ਪ੍ਰਵਾਨਾ ਦੀ ਰਚਨਾ ਵਿੱਚ ਵੀ ਸਤਿਗੁਰੂ ਮਹਿਮਾ, ਦੇਸ਼ ਪਿਆਰ, ਕੌਮੀ ਅਣਖ, ਬਲੀਦਾਨ, ਆਪਣੇ ਇਤਿਹਾਸ ਨੂੰ



Sri Satguru Jagjit Singh Ji eLibrary NamdhariElibrary@gmail.com

ਮਹਿਮਾ ਮੰਡਿਤ ਕਰਨ ਵਾਲੀਆਂ, ਸਮਾਜਿਕ ਬੁਰਾਈਆਂ ਦਾ ਵਿਰੋਧ ਕਰਨ ਵਾਲੀਆਂ, ਸੰਪਰਦਾਇਕ ਏਕਤਾ ਨੂੰ ਮਜਬੂਤ ਕਰਨ ਵਾਲੀਆਂ, ਪੰਜਾਬੀ ਮਾਂ ਬੋਲੀ ਦੀ ਸ਼ਾਨ ਬਿਆਨ ਦੀਆਂ, ਕਿਰਤੀ ਕਾਮਿਆਂ ਕਿਸਾਨਾਂ ਨੂੰ ਵਡਿਆਉਣ ਵਾਲੀਆਂ, ਦੁਨੀਆਂ ਦੀ ਨਾਸ਼ਮਕਤਾ ਬਾਰੇ, ਪਰਿਵਾਰਿਕ ਰਿਸ਼ਤਿਆਂ ਦਾ ਗਾਨ ਕਰਦੀਆਂ, ਬਸੰਤ, ਵੈਸਾਖੀ, ਦੀਵਾਲੀ, ਸਾਵਣ ਆਦਿ ਤਿਉਹਾਰਾਂ ਦੇ ਸੰਬੰਧ ਵਿੱਚ ਕਵਿਤਾਵਾਂ ਮਿਲਦੀਆਂ ਹਨ। ਪਹਿਲੇ ਸਿੱਖ ਗੁਰੂਆਂ ਦੇ ਨਾਲ ਨਾਲ ਕਵੀ ਨੇ ਆਪਣੇ ਨਾਮਧਾਰੀ ਭਾਈਚਾਰੇ ਨਾਲ ਸੰਬੰਧਿਤ ਗੁਰੂ ਰਾਮ ਸਿੰਘ ਜੀ ਅਤੇ ਹੋਰ ਪ੍ਰਮੁੱਖ ਹਸਤੀਆਂ ਦਾ ਵੀ ਗੁਣਗਾਨ ਕੀਤਾ ਹੈ।

ਇਤਿਹਾਸਕ ਵਿਅਕਤੀਆਂ ਅਤੇ ਸਤਿਗੁਰੂ ਸਾਹਿਬਾਨ ਦੀਆਂ ਹਸਤੀਆਂ ਦਾ ਚਿਤਰਣ ਕਵੀ ਨੇ ਜਨਮ ਸਾਖੀਆਂ ਅਤੇ ਗੁਰ ਬਿਲਾਸਾਂ ਵਾਲੀ ਅਗਵਾਈ ਦੇ ਆਧਾਰ 'ਤੇ ਹੀ ਕੀਤਾ ਹੈ। ਕਿਉਂਕਿ ਪਿਛਨੇ ਸਮੇਂ ਵਿੱਚ ਸਿੱਖ ਜਗਤ ਆਪਣਾ ਇਤਿਹਾਸ ਗੁਰਦੁਆਰਿਆਂ ਵਿੱਚ ਰੋਜ਼ ਹੁੰਦੀ ਕਥਾ ਦੇ ਆਧਾਰ 'ਤੇ ਉਪਰੋਕਤ ਗ੍ਰੰਥਾਂ ਵਿੱਚੋਂ ਹੀ ਸਰਵਣ ਕਰਿਆ ਕਰਦਾ ਸੀ। ਇਸ ਲਈ ਉਸਦੇ ਵਾਕਿਆਤ ਦੀ ਪੇਸ਼ਕਾਰੀ ਅਤੇ ਵਿਗਿਆਨਕ ਧਾਰਨਾ ਨਾਲ ਲਿਖੇ ਇਤਿਹਾਸ ਵਿੱਚ, ਕੁਝ ਅੰਤਰ ਆਉਣੇ ਸੁਭਾਵਿਕ ਹੈ। ਕਵੀ ਦਾ ਹਿਰਦਾ ਆਪਣੇ ਇਤਿਹਾਸ ਪੁਰਖਾਂ ਪ੍ਰਤੀ ਮਾਨ, ਸ਼ਰਧਾ, ਸਤਿਕਾਰ ਅਤੇ ਮੋਹ ਪਿਆਰ ਦੀ ਭਾਵਨਾ ਨਾਲ ਲਵਰੇਜ਼ ਹੈ। ਇਸ ਲਈ ਉਹਨਾਂ ਦੇ ਜਗਤ ਕਲਿਆਣ ਲਈ ਕੀਤੇ ਕਾਰਜਾਂ ਨੂੰ ਉਸਦੀ ਕਲਮ ਅਕੀਦਤ ਪੇਸ਼ ਕਰਦੀ ਹੈ। ਪੰਜਾਬ ਦੀ ਧਰਤੀ 'ਤੇ ਸਾਢੇ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਜੀ ਨੇ ਸਭ ਧਰਮਾਂ ਨੂੰ ਏਕਤਾ ਦਾ ਸੁਨੇਹਾ ਦਿੱਤਾ ਸੀ ਇਸ ਲਈ ਕਵੀ ਪ੍ਰਵਾਨਾ ਦੇ ਸ਼ਬਦ ਧਿਆਨ ਮੰਗਦੇ ਹਨ :-

'ਰੇਤ ਅੱਕ ਦਾ ਕਰ ਆਤਾਰ ਪਹਿਲੋਂ,
ਛੱਤੀ ਯੁੱਗ ਤਪੱਸਿਆ ਠਾਨ ਆਇਆ।
ਰੱਖ ਸਦਾ ਗਰੀਬੀ ਦੀ ਧਾਰ ਲੈ ਕੇ,
ਰਾਹੋਂ ਭੁੱਲਿਆਂ ਨੂੰ ਰਾਹੇ ਪਾਉਣ ਆਇਆ।
ਫੋਕੇ ਰਸਮਾਂ, ਰਿਵਾਜਾਂ ਭੁਲੇਖਿਆਂ ਤੋਂ,
ਹੱਥੀਂ ਵਹਿਮ ਦਾ ਪਰਦਾ ਉਠਾਉਣ ਆਇਆ।
ਉੱਚੇ ਨੀਵੇਂ ਦਾ ਭੇਤ ਮਿਟਾ ਦਿਲਾਂ 'ਚੋਂ,
ਹਰ 'ਚੋਂ ਹਰਿ ਦਾ ਰੂਪ ਵਿਖਾਉਣ ਆਇਆ।
ਰਾਖਾ ਧਾਰ ਦਾ ਜ਼ੁਲਮ ਦਾ ਬਣ ਵੈਰੀ,
ਜ਼ੋਰ ਜ਼ਬਰ ਦਾ ਮੂੰਹ ਭਵਾਉਣ ਆਇਆ।
ਦਇਆ ਦਰਦ ਜ਼ੁਲਮ ਦਾ ਬਣ ਵੈਰੀ,



Sri Satguru Jagjit Singh Ji eLibrary NamdhariElibrary@gmail.com

ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਜਦੋਂ ਸਾਂਈ ਮੀਆਂ ਮੀਰ ਜੀ ਸੂਫੀ ਫਕੀਰ ਨੇ ਗੁਰੂ ਅਰਜਨ ਦੇਵ ਜੀ 'ਤੇ ਵੇਲੇ ਦੀ ਸਰਕਾਰ ਵੱਲੋਂ ਹੁੰਦੇ ਜ਼ੁਲਮ ਦੇਵੇ ਤਾਂ ਫਕੀਰ ਹਿਰਦਾ ਦ੍ਰਵਿਤ ਹੋ ਕੇ ਰੋਹ ਵਿੱਚ ਆ ਗਿਆ। ਉਸ ਕਿਹਾ ਕਿ ਗੁਰੂ ਸਾਹਿਬ ਜੇ ਹੁਕਮ ਦਿਉਂ ਤਾਂ ਜ਼ਾਬਰ ਸੱਤਾ ਦੇ ਪ੍ਰਤੀਕ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂ ਤਾਂ ਸ਼ਹੀਦਾਂ ਦੇ ਸਿਰਤਾਜ ਸ਼ਾਂਤ ਮੂਰਤ ਸਤਿਗੁਰੂ ਦਾ ਜਵਾਬ ਸੀ :-

'ਸ਼ਾਂਤੀ ਪੁੰਜ ਸਿਰਤਾਜ ਸ਼ਹਾਦਤ, ਬੋਲ ਅਰਜਨ ਸਹਿਜ ਸੁਭਾਨੀ।<br>
ਨਾਲ ਠੋਕਰਾਂ ਸਦਾ ਹੈ ਹੁੰਦੀ, ਦਰਿਆਵਾਂ ਦੀ ਤੇਜ਼ ਰਵਾਨੀ।<br>
ਹੱਸ ਹੱਸ ਵਾਰ ਜ਼ੁਲਮ ਦੇ ਸਹਿਣੇ, ਕਰਨੀ ਸ਼ਾਂਤੀ ਦੀ ਸਿਰਜਾਨੀ,<br>
ਦੁਨੀਆਂ ਦੇ ਹਰ ਕੋਨੇ ਕੋਨੇ, ਗੂੰਜੂ ਗਾਥਾ ਅਮਰ ਲਾਸਾਨੀ।

ਮਲੇਰ ਕੋਟਲੇ ਦੇ ਇੱਕ ਪਾਸੇ ਜੇ ਅਠਾਰਵੀਂ ਸਦੀ ਦੇ ਦੂਜੇ ਅੱਧ ਦੀ ਸਿੱਖ ਸੰਘਰਸ਼ਾਂ ਦੇ ਵੱਡੇ ਘੱਲੂਘਾਰੇ ਵਾਲੀ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਪਾਕ ਧਰਤੀ ਹੈ ਤਾਂ ਦੂਜੇ ਪਾਸੇ ਜਮਾਲਪੁਰ ਦੇ ਰੱਕੜ ਵਿੱਚ ਗੋਰਾਸ਼ਾਹੀ ਦੇ ਆਤੰਕ ਵਿਰੁੱਧ ਨੰਗੇ ਧੜ ਜੂਝਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੇ ਕੂਕੇ ਮਸਤਾਨਿਆਂ ਦੀ ਕਤਲਗਾਹ ਹੈ। ਪੰਜਾਬੀਆਂ ਦੇ ਅਣਖ, ਆਬਰੂ ਅਤੇ ਵਿਦੇਸ਼ੀ ਦੇਸੀ ਜਾਬਰਾਂ ਦੇ ਆਤੰਕ ਵਿਰੁੱਧ ਜੂਝਣ ਵਾਲੀ ਰੂਹ ਦੇ ਦਰਸ਼ਨ ਕਰਵਾਉਂਦੇ ਹਨ ਇਹ ਆਮ ਸਨ। ਕਵੀ ਮਲੇਰਕੋਟਲੇ ਦੇ ਸ਼ਹੀਦਾਂ ਨੂੰ ਇਉਂ ਯਾਦ ਕਰਦਾ ਹੈ :-

ਵਾਰੋ ਵਾਰੀ ਇਸ਼ਨਾਲ ਅਰਦਾਸ ਕਰਕੇ,<br>
ਕੂਕੇ ਧਰਮ ਲਈ ਹੋਣ ਕੁਰਬਾਨ ਆ ਗਏ।<br>
ਮਾਰ ਮਾਰ ਛਾਲਾਂ ਹੁੰਦੇ ਤੋਪਾਂ ਸਾਹਵੇਂ,<br>
ਲਾੜੀ ਮੌਤ ਨੂੰ ਜਿਵੇਂ ਪਰਨਾਣ ਆ ਗਏ।<br>
ਸ਼ਮ੍ਹਾਂ ਧਰਮ ਤੋਂ ਵਾਂਗ ਪਰਵਾਨਿਆਂ ਦੇ,<br>
ਲੱਭਣ ਜ਼ਿੰਦਗੀ ਕੌਮ ਦੀ ਸ਼ਾਨ ਆ ਗਏ।<br>
ਢੀਮਾਂ ਜੋੜ ਵਰਿਆਮ ਲਲਕਾਰਿਆ ਸੀ,<br>
ਵੇਖ ਬਿੱਲਿਆ ਠੀਕ ਨਿਸ਼ਾਨ ਆ ਗਏ।<br>
ਫੜ ਕੇ ਦਾੜ੍ਹੀਉਂ ਬਿਸ਼ਨ ਨੇ ਝਟਕਿਆ ਜਾਂ,<br>
ਮਾਨੋ ਕਾੱਵਨ ਦੇ ਬਾਹਰ ਪ੍ਰਾਣ ਆ ਗਏ।<br>
ਹੁੰਦੇ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ,<br>
ਕਹਿਣ ਕਿੱਥੋਂ ਇਹ ਸਿੰਘ ਬਲਵਾਨ ਆ ਗਏ।

ਦੇਸ਼ ਦਾ ਅੰਨਦਾਤਾ ਕਿਸਾਨ ਬੇਸ਼ੱਕ ਅੱਜ ਖੁਦਕਸ਼ੀਆਂ ਦੇ ਰਾਹ ਪੈ ਚੁੱਕਾ ਹੈ ਪਰ ਦੇਸ਼ ਵੰਡ ਤੋਂ ਬਾਅਦ ਉਸਦੀ ਸਖ਼ਤ ਮਿਹਨਤ ਨਾਲ ਹਰੀ ਕ੍ਰਾਂਤੀ ਦੁਆਰਾ, ਦੇਸ਼ ਦੇ ਅੰਨ ਭੰਡਾਰ ਭਰੇ ਗਏ ਸਨ। ਉਸੇ ਕਿਸਾਨ ਦੇ ਬੇਟਿਆਂ ਨੂੰ



Sri Satguru Jagjit Singh Ji eLibrary NamdhariElibrary@gmail.com

ਹੱਦਾਂ 'ਤੇ ਵੀ ਜੂਝਣਾ ਪੈਂਦਾ ਹੈ। ਪ੍ਰਵਾਨਾ ਆਪਣੀ ਕਵਿਤਾ ਵਿੱਚ ਕਿਸਾਨ ਪ੍ਰਤੀ ਨਤਮਸਤਕ ਹੁੰਦਾ ਹੈ। ਜਿਸ ਲਈ 'ਜੱਟ' ਸ਼ਬਦ ਦੀ ਵਰਤੋਂ ਕਰਨ ਦਾ ਰਿਵਾਜ਼ ਬਾਬਾ ਫਰੀਦ, ਸੱਯਦ ਵਾਰਿਸ ਸ਼ਾਹ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਦੇ ਸਮੇਂ ਤੋਂ ਪੰਜਾਬੀ ਸਾਹਿਤ ਜਗਤ ਵਿੱਚ ਤੁਰਿਆ ਆਉਂਦਾ ਹੈ :-

ਪੈਲੀਆਂ ਤੇਰੀਆਂ ਮੰਦਰ ਮਸਜਿਦ, ਪੂਜਾ ਤੇਰੀ ਸਿਆੜ ਉਏ ਜੱਟਾ।
ਮਿਹਨਤ ਤੇਰ ਮਾਲਾ ਤਸਬੀ, ਲਗਨ ਤੇਰੀ ਦਿਲਦਾਰ ਉਏ ਜੱਟਾ।
ਉੱਚੇ ਟਿੱਬੇ ਵਾਹ ਕਰਾਹ ਕੇ, ਬੰਜਰ ਕਰੇ ਗ਼ੁਲਜ਼ਾਰ ਉਏ ਜੱਟਾ।
ਭੁੱਖ ਗਰੀਬੀ ਮੇਟ ਕੰਗਾਲੀ, ਬਣਕੇ ਵਫ਼ਾਦਾਰ ਉਏ ਜੱਟਾ।

ਕਵੀ ਛੇ ਦਹਾਕਿਆਂ ਵਿੱਚ ਫੈਲੇ ਸਾਹਿਤਕ ਜੀਵਨ ਦੀ ਕਮਾਈ ਦੇ ਰੂਪ ਵਿੱਚ ਉਹ ਇਸ ਸੰਗ੍ਰਹਿ ਵਿੱਚ 42 ਕਵਿਤਾਵਾਂ, ਗੀਤ ਆਦਿ ਲੈ ਕੇ ਪੰਜਾਬੀ ਪਿਆਰਿਆਂ ਦੀ ਸਰਦਲ 'ਤੇ ਆਪਣੀ ਅਕੀਦਤ ਦਾ ਚੋਆ ਭੇਟ ਕਰਨ ਆਇਆ ਹੈ। ਇਨ੍ਹਾਂ ਕਵਿਤਾਵਾਂ ਵਿਚੋਂ ਵੱਖ ਵੱਖ ਸਮਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਉਸਨੇ ਆਪਣੀਆਂ ਕਵਿਤਾਵਾਂ ਲਈ ਬੈਂਤ, ਕਬਿੱਤ, ਦੁਵੱਈਆ ਆਦਿ ਛੰਦਾਂ ਦੀ ਵਰਤੋਂ ਅਤੇ ਗੀਤ ਕਾਵਿ ਰੂਪ ਦੀ ਵੀ ਵਰਤੋਂ ਕੀਤੀ ਹੈ। ਉਸਦੀ ਕਵਿਤਾ ਵਿੱਚ ਰੌਚਿਕਤਾ ਅਤੇ ਰਵਾਨੀ ਬਣੀ ਰਹਿੰਦੀ ਹੈ। ਪਾਠਕ ਇਹਨਾਂ ਦਾ ਪਾਠ ਕਰਦਾ ਉਕਤਾਉਂਦਾ ਨਹੀਂ। ਉਸ ਦੇ ਕਾਵਿ ਬੋਲ ਆਮ ਤੌਰ 'ਤੇ ਤੋਲ ਤੁਕਾਂਤ 'ਤੇ ਤਾਂ ਪੂਰੇ ਉਤਰਦੇ ਹਨ ਪਰ ਕਿਤੇ ਕਿਤੇ ਛੰਦ ਦੇ ਵਿਧੀ ਵਿਧਾਨ ਵਿੱਚ ਅੜਿਕਾ ਪੈ ਜਾਂਦਾ ਹੈ। ਕਵਿਤਾ ਭਾਵਾਂ ਦੀ ਭਾਸ਼ਾ ਹੁੰਦੀ ਹੈ ਜਜ਼ਬਿਆਂ ਦੀ ਪੇਸ਼ਕਾਰੀ, ਵੰਨ ਸੁਵੰਨੇ ਖ਼ਿਆਲਾਂ ਦੀ ਉਡਾਰੀ ਸਟੇਜੀ ਕਵਿਤਾ ਦਾ ਮੀਰੀ ਗੁਣ ਕਾਵਿ ਰਸ ਹੁੰਦਾ ਹੈ ਤੇ ਇਹਨਾਂ ਵਿੱਚ ਕਾਵਿ ਰਸ ਦੇਖਿਆ ਜਾ ਸਕਦਾ ਹੈ।

ਹਰਭਜਨ ਸਿੰਘ ਪ੍ਰਵਾਨਾ ਦੀ ਉਮਰ ਭਰ ਦੀ ਕਾਵਿ ਘਾਲਣਾ ਨੂੰ ਕਾਵਿ ਰਸੀਏ ਪਾਠਕਾਂ ਦੀ ਦਾਦ ਮਿਲਣੀ ਚਾਹੀਦੀ ਹੈ। ਸਾਡੇ ਬਹੁਤ ਸਾਰੇ ਹੋ ਗੁਜਰੇ ਕਲਮਕਾਰਾਂ ਨੇ ਆਪਣੇ ਕੀਮਤੀ ਬੋਲ ਸੀਨਿਆਂ ਵਿੱਚ ਸਾਂਭ ਕੇ ਹੀ ਵਿਦਾਈ ਲੈ ਲਈ ਸੀ। ਅੱਜ ਉਹਨਾਂ ਨੂੰ ਕਿੱਥੋਂ ਲਭੀਏ? ਇਸ ਪੱਖੋਂ ਵੀ ਪ੍ਰਵਾਨਾ ਜੀ ਨੇ ਸੁਸਤੀ ਛੰਡ ਦਿੱਤੀ ਹੈ। ਦੇਰ ਆਇਦ ਦਰੁਸਤ ਆਇਦ। ਬਜ਼ੁਰਗ ਕਵੀ ਦੇ ਸਦਾ ਬਹਾਰ ਕਾਵਿਤ ਸੰਗ੍ਰਹਿ ਦਾ ਸੁਆਗਤ ਹੈ।

**ਸੁਵਰਨ ਸਿੰਘ ਵਿਰਕ**
ਕਰੀਵਾਲਾ, ਜ਼ਿਲ੍ਹਾ ਸਿਰਸਾ
ਹਰਿਆਣਾ।
ਮੋਬਾ. 99963-71716



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਉੱਚ ਪ੍ਰੰਪਰਾ ਦਾ ਪ੍ਰਤੀਕ ਕਵੀ ਪ੍ਰਵਾਨਾ ਜੀ

ਕਵੀ ਹਰਭਜਨ ਸਿੰਘ ਪ੍ਰਵਾਨਾ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ਼੍ਰੀ ਜੀਵਨ ਨਗਰ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਹੈ। ਇਹ ਸਭਾ ਤਕਰੀਬਨ ਪੰਜ ਦਹਾਕਿਆਂ ਤੋਂ ਲਗਾਤਾਰ ਸਰਗਰਮ ਚੱਲਦੀ ਆ ਰਹੀ ਹੈ। ਇਸ ਦਾ ਆਗਾਜ਼ ਪ੍ਰੀਤਮ ਸਿੰਘ ਕਵੀ ਅਤੇ ਸੰਤ ਤਰਨ ਸਿੰਘ ਵਹਿਮੀ ਵਰਗੇ ਵੱਡੇ ਲੇਖਕਾਂ ਨੇ ਕੀਤਾ ਸੀ। ਜੋ ਅੱਜ ਤੱਕ ਸੁਚਾਰੂ ਰੂਪ ਨਾਲ ਸਾਹਿਤਕਾਰਤਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਲਗਾਤਾਰ ਪਾਉਂਦੀ ਆ ਰਹੀ ਹੈ।

ਇਹ ਉਹ ਦੌਰ ਸੀ ਜਦੋਂ ਕਵੀਆਂ ਨੂੰ ਲੋਕ ਰੱਬ ਵਾਂਗ ਪੂਜਦੇ ਸਨ। ਕਵੀ ਦਰਬਾਰ ਕਰਵਾਉਂਦੇ ਸਨ। ਕਵੀਆਂ ਦਾ ਮਾਨ ਸਤਿਕਾਰ ਦਿਲੋਂ ਕਰਦੇ ਸਨ। ਕਵੀ ਦਰਬਾਰ ਸੁਣਨ ਲਈ ਦਸ ਦਸ ਮੀਲ ਤੋਂ ਪੈਦਲ ਤੁਰ ਕੇ ਪਹੁੰਚਦੇ ਸਨ।

ਉਸ ਵਕਤ ਆਮ ਤੌਰ ’ਤੇ ਕਵੀ ਦਰਬਾਰ ਧਾਰਮਿਕ ਅਕੀਦੇ ਅਨੁਸਾਰ ਹੋਇਆ ਕਰਦੇ ਸਨ। ਆਸਪਾਸ ਹੋਰ ਕੋਈ ਸਾਹਿਤ ਸਭਾ ਸਰਗਰਮ ਨਹੀਂ ਸੀ। ਜਦੋਂ ਸਭਾ ਹੋਂਦ ਵਿੱਚ ਆਈ ਤਾਂ ਇਸ ਦਾ ਮੂਲ ਮੰਤਵ ਧਾਰਮਿਕ ਪ੍ਰਚਾਰ ਹੀ ਸੀ। ਸੋ ਨਾਮਧਾਰੀ ਬਹੁਲਤਾ ਵਾਲਾ ਇਲਾਕਾ ਹੋਣ ਕਰਕੇ ਇਸ ਨੂੰ ਨਾਮਧਾਰੀ ਸਾਹਿਤ ਸਭਾ ਦਾ ਨਾਮ ਦਿੱਤਾ ਗਿਆ। ਜੋ ਬਾਅਦ ਵਿੱਚ ਰਜਿਸਟਰਡ ਕਰਾਉਣ ਵੇਲੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਹੋ ਗਿਆ।

ਕਵੀਆਂ ਦੀ ਸਮਾਜ ਵਿੱਚ ਪੈਂਦੀ ਕਦਰ ਨੂੰ ਵੇਖਦਿਆਂ ਬਹੁਤ ਸਾਰੇ ਆਮ ਪੇਂਡੂ ਕਿਰਤੀ ਕਿਰਸਾਨ ਵੀ ਇਸ ਵੱਲ ਰੁਚਿਤ ਹੋ ਗਏ। ਜਿਨ੍ਹਾਂ ਵਿੱਚੋਂ ਬਹੁਤ ਸਾਰੇ ਅੱਜ ਵੀ ਸਭਾ ਦਾ ਸਾਥ ਸਰਗਰਮੀ ਨਾਲ ਨਿਭਾਅ ਰਹੇ ਹਨ।

ਪ੍ਰਵਾਨਾ ਜੀ ਵੀ ਏਸੇ ਤਰ੍ਹਾਂ ਇੱਕ ਕਿਰਤੀ ਪਰਿਵਾਰ ਵਿੱਚੋਂ ਵਿਚਰਦੇ ਹੋਏ ਸਾਹਿਤ ਸਭਾ ਵੱਲ ਪ੍ਰੇਰੇ ਗਏ। ਸੰਤ ਤਰਨ ਸਿੰਘ ਵਹਿਮੀ ਜੀ ਦੀ ਪ੍ਰੇਰਨਾ ਨਾਲ ਉਹਨਾਂ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ। ਨਾਮਧਾਰੀ ਸਾਹਿਤ ਸਭਾ ਉਸ ਵਕਤ ਦੀ ਪ੍ਰੰਪਰਾਗਤ ਸ਼ੈਲੀ ਨਾਲ ਜੁੜੀ ਹੋਣ ਕਰਕੇ, ਛੰਦ ਬੱਧ ਕਵਿਤਾ ਰਚਣ ਵੱਲ ਸੰਪੂਰਨ ਧਿਆਨ ਦੇਂਦੀ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਇਸ ਸਭਾ ’ਚ ਕਵੀ ਪਿੰਗਲ ਅਨੁਸਾਰ ਛੰਦ ਬੱਧ ਕਵਿਤਾ ਵਿੱਚ ਕਾਫੀ ਪਰਪੱਕ ਹੋ ਗਏ। ਪ੍ਰਵਾਨਾ ਜੀ ਦੀ ਕਵਿਤਾ ਵੀ ਉਸੇ ਸਮੇਂ ਦੀ ਦੇਣ ਹੈ।

ਉਹਨਾਂ ਨੇ ਉਸ ਵਕਤ ਦੇ ਮਕਬੂਲ ਪੰਜਾਬ ਦੇ ਹਰਮਨ ਪਿਆਰੇ ਛੰਦ ਕਬਿਤ, ਬੈਂਤ ਆਦਿ ਵਿੱਚ ਕਲਮ ਅਜਮਾਈ ਕੀਤੀ ਜਾਂ ਕੁਝ ਗੀਤ ਵੀ ਲਿਖੇ। ਉਹਨਾਂ ਦੀ ਕਵਿਤਾ ਵਿੱਚੋਂ ਛੰਦ ਬਹਿਰ ਦੀ ਪਰਪੱਕਤਾ ਸਾਫ ਨਜ਼ਰ ਆਉਂਦੀ ਹੈ।



Sri Satguru Jagjit Singh Ji eLibrary NamdhariElibrary@gmail.com

ਭਾਵੇਂ ਨਾਮਧਾਰੀ ਸਾਹਿਤ ਸਭਾ ਦੇ ਮੁੱਢਲੇ ਦੌਰ ਦੇ ਕਵੀਆਂ ਦੀਆਂ ਰਚਨਾਵਾਂ ਆਮ ਤੌਰ 'ਤੇ ਆਪਣੇ ਧਾਰਮਿਕ ਅਕੀਦੇ ਅਨੁਸਾਰ ਆਪਣੇ ਇਸ਼ਟ ਦੇਵ ਦਾ ਜਸ ਗਾਇਨ ਕਰਨ ਵੱਲ ਜ਼ਿਆਦਾ ਰੁਚਿਤ ਸਨ। ਫਿਰ ਵੀ ਉਹਨਾਂ ਸਾਰੇ ਕਵੀਆਂ ਨੇ ਧਾਰਮਿਕ ਅਕੀਦੇ ਦੇ ਨਾਲ ਨਾਲ ਸਮਾਜ ਸੁਧਾਰਕ ਰਚਨਾਵਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਕਿਉਂਕਿ ਨਾਮਧਾਰੀ ਸਮਾਜ ਦੇ ਮੋਢੀ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅੱਜ ਵੀ ਆਜ਼ਾਦੀ ਸੰਗਰਾਮੀਏ ਤੋਂ ਇਲਾਵਾ ਇੱਕ ਮਹਾਨ ਸਮਾਜ ਸੁਧਾਰਕ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਇਸ ਲਈ ਉਹਨਾਂ ਦੀਆਂ ਸਿੱਖਿਆਵਾਂ ਵੀ ਉਪਰੋਕਤ ਕਵੀਆਂ ਦੀਆਂ ਪ੍ਰੇਰਣਾ ਸਰੋਤ ਬਣੀਆਂ। ਸਮਾਜ ਵਿੱਚੋਂ ਕੂੜਾ ਹੂੰਝਣ ਦਾ ਯਤਨ ਤਾਂ ਉਹ ਹੀ ਕਰ ਸਕਦਾ ਹੈ ਜੋ ਇਸ ਬੁਰਾਈ ਤੋਂ ਖੁਦ ਬਚਿਆ ਹੋਵੇ। ਨਾਮਧਾਰੀ ਰਹਿਬਰਾਂ ਨੇ ਇਸ ਸਮਾਜ ਨੂੰ ਬਹੁਤ ਸਾਰੀਆਂ ਕੁਰੀਤੀਆਂ ਤੋਂ ਮੁਕਤ ਕਰਵਾ ਕੇ ਇੱਕ ਸਾਫ ਸੁਥਰਾ ਸੁਚੱਜਾ ਜੀਵਨ ਬਖਸ਼ਿਆ। ਮਾਸ-ਸ਼ਰਾਬ, ਚੋਰੀ-ਯਾਰੀ, ਠੱਗੀ-ਠੋਰੀ ਤੇ ਝੂਠ ਤੋਂ ਇਲਾਵਾ ਹਰ ਪ੍ਰਕਾਰ ਦਾ ਨਸ਼ਾ ਇੱਥੇ ਵਰਜਿਤ ਹੀ ਨਹੀਂ ਸੀ ਸਗੋਂ ਇਸ ਦਾ ਪਰਪੱਕਤਾ ਨਾਲ ਮਨੋਂ ਤਿਆਗ ਵੀ ਕੀਤਾ ਹੋਇਆ ਸੀ। ਜੋ ਅੱਜ ਵੀ ਉਸੇ ਤਰ੍ਹਾਂ ਹੀ ਚੱਲਦਾ ਹੈ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਮਾਜ ਨੂੰ ਨਵਚੇਤਨਾ ਦੇ ਕੇ ਸਮਾਜ ਮਾਰੂ ਕੁਰੀਤੀਆਂ ਤੋਂ ਪਿੱਛਾ ਛੁਡਵਾਇਆ ਤੇ ਸਤਜੁਗੀ ਜੀਵਨ ਬਖਸ਼ਿਆ ਸੀ।

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ ਠੱਗੀ ਤੱਜ
ਥੀਏ ਸੰਤ ਸਤਿਜੁਗ ਆ ਗਿਓ।

ਤੇ ਇਸ ਸਤਜੁਗੀ ਮਨੁੱਖਾਂ ਦੇ ਕਿਰਦਾਰ ਸਚਮੁੱਚ ਸਤਜੁਗੀ ਹੀ ਸਨ। ਇਸ ਲਈ ਨਾਮਧਾਰੀ ਲੰਬੇ ਸਮੇਂ ਤੋਂ ਦੂਸਰੇ ਸਮਾਜ ਸੁਧਾਰ ਲਈ ਪ੍ਰੇਰਣਾ ਸਰੋਤ ਬਣੇ ਰਹੇ। ਫਿਰ ਇਹਨਾਂ ਦੀਆਂ ਰਚਨਾਵਾਂ ਵਿੱਚੋਂ ਸਮਾਜ ਦੀ ਮਹਿਕ ਕਿਉਂ ਨਾ ਆਉਂਦੀ। ਆਪਣੇ ਪ੍ਰੀਤਮ ਦਾ ਬ੍ਰਿਹਾ ਤਾਂ ਇਹਨਾਂ ਦੇ ਹੱਡਾਂ ਵਿੱਚ ਰਚਿਆ ਹੀ ਹੋਇਆ ਸੀ।

ਸੋ ਪ੍ਰਵਾਨਾ ਜੀ ਦੀ ਹੱਥਲੀ ਪੁਸਤਕ ਜੋ ਉਹਨਾਂ ਨੇ 'ਦੇਰ ਆਇਦ ਦਰੁਸਤ ਆਇਦ' ਮੁਹਾਵਰੇ ਵਾਂਗ ਭਾਵੇਂ ਕਾਫੀ ਦੇਰ ਬਾਅਦ ਛਪਵਾਉਣ ਦਾ ਮਨ ਬਣਾਇਆ ਹੈ। ਖੂਬਸੂਰਤ ਛੰਦਾਂ ਬੱਧੀ ਰਚਨਾ ਹੁੰਦਿਆਂ ਹੋਇਆਂ ਸਮਾਜ ਨੂੰ ਬੁਰਾਈਆਂ ਤੋਂ ਨਿਜਾਤ ਦਿਵਾਉਣ ਲਈ ਭਰਪੂਰ ਕੋਸ਼ਿਸ਼ ਕਰਦੀ ਦਿਸਦੀ ਹੈ। ਬੈਂਤ ਤੇ ਕਬਿਤ ਪੰਜਾਬੀਆਂ ਦੇ ਹਰਮਨ ਪਿਆਰੇ ਕਾਵਿ ਛੰਦ ਹਨ। ਸੋ ਪ੍ਰਵਾਨਾ ਜੀ ਨੇ ਵੀ ਆਪਣੀ ਜ਼ਿਆਦਾਤਰ ਰਚਨਾ ਇਹਨਾਂ ਵਿਧਾਵਾਂ ਵਿੱਚ



Sri Satguru Jagjit Singh Ji eLibrary NamdhariElibrary@gmail.com

ਹੀ ਕੀਤੀ ਹੈ।

ਵੱਖ ਵੱਖ ਸਮਾਜਿਕ ਸਰੋਕਾਰਾਂ ਬਾਰੇ ਲਿਖੀਆਂ ਪ੍ਰਵਾਨਾ ਜੀ ਦੀਆਂ ਕਵਿਤਾਵਾਂ ਪਾਠਕ ਨੂੰ ਸਜਿਹੇ ਹੀ ਆਪਣੇ ਨਾਲ ਤੋਰ ਲੈਂਦੀਆਂ ਹਨ। ਜਿਨ੍ਹਾਂ ਵਿਚੋਂ ਪਾਠਕ ਨੂੰ ਆਤਮ ਆਨੰਦ ਦਾ ਅਭਾਸ ਵੀ ਹੁੰਦਾ ਹੈ ਅਤੇ ਬਹੁਤ ਸਾਰੇ ਸਮਾਜਿਕ ਭਾਰਿਆਂ ਤੋਂ ਉਹ ਮਨ ਨੂੰ ਸੁਚੇਤ ਕਰਕੇ ਉੱਚ ਜੀਵਨ ਜੀਉਣ ਲਈ ਪ੍ਰੇਰਨਾ ਸਰੋਤ ਬਣਦੀਆਂ ਹਨ।

ਭਾਵੇਂ ਜ਼ਿਆਦਾਤਰ ਕਵਿਤਾਵਾਂ ਸਮਾਜ ਸੁਧਾਰਕ ਹਨ ਪਰ ਕੁਝ ਕਵਿਤਾਵਾਂ ਮਹਾਂਪੁਰਸ਼ਾਂ, ਗੁਰੂਆਂ ਤੇ ਸ਼ਹੀਦਾਂ ਦੀ ਮਹਿਮਾ ਦਾ ਬਖਾਨ ਵੀ ਬੜੇ ਸੁਚੱਜੇ ਢੰਗ ਨਾਲ ਕਰਦੀਆਂ ਹਨ। ਪ੍ਰੋ. ਪੂਰਨ ਸਿੰਘ ਨੇ ਕਦੇ ਲਿਖਿਆ ਸੀ, ‘ਪੰਜਾਬ ਵੱਸਦਾ ਗੁਰਾਂ ਦੇ ਨਾ ’ਤੇ।’ ਸੋ ਪੰਜਾਬੀਆਂ ਦੀ ਹਰ ਗੱਲ ਇਸ ਜ਼ਿਕਰ ਬਿਨਾਂ ਅਧੂਰੀ ਹੈ।

ਭਾਵੇਂ ਇਹ ਕਵਿਤਾਵਾਂ ਪਿਛਲੇ ਚਾਰ ਦਹਾਕਿਆਂ ਵਿੱਚ ਜੋੜਿਆ ਅਨਮੋਲ ਖਜ਼ਾਨਾ ਹਨ। ਪਰ ਇਹਨਾਂ ਵਿੱਚ ਬਾਸੀਪਨ ਉੱਕਾ ਨਹੀਂ ਹੈ। ਸਗੋਂ ਹਰ ਸਤਰ ਵਿੱਚੋਂ ਤਾਜ਼ਗੀ ਭਰੀ ਇੱਕ ਮਹਿਕ ਦਿਲ ਦਿਮਾਗ ਨੂੰ ਤਰੋਤਾਜਾ ਕਰ ਜਾਂਦੀ ਹੈ।

ਪ੍ਰਵਾਨਾ ਜੀ ਇੱਕ ਬਹੁਤ ਹੀ ਸੁਹਿਰਦ, ਮਿਲਨਸਾਰ, ਸਨਿਮਰ ਸਖਸ਼ੀਅਤ, ਬਹੁਤ ਹੀ ਪਿਆਰੇ ਮਿਠਬੋਲੇ ਸੁਭਾਅ ਦੇ ਮਾਲਿਕ, ਸਭ ਨੂੰ ਆਪਣਾ ਜਾਣਨ ਵਾਲੇ ਪਿਆਰ ਵੰਡਦੇ, ਧਰਮ ਦੀ ਕਿਰਤ ਕਰਕੇ ਜ਼ਿੰਦਗੀ ਬਸਰ ਕਰਨ ਵਾਲੇ ਨੇਕ ਮਨੁੱਖ ਹਨ।

ਮੈਂ ਆਸ ਕਰਦਾ ਹਾਂ ਕਿ ਪ੍ਰਵਾਨਾ ਜੀ ਦੀ ਇਹ ਪੁਸਤਕ ਪਾਠਕ ਜਨਾਂ ਨੂੰ ਭਰਪੂਰ ਗਿਆਨ ਤੇ ਆਤਮਰਸ ਨਾਲ ਵਿਭੋਰ ਕਰੇਗੀ। ਮੈਂ ਇਸ ਪੁਸਤਕ ਨੂੰ ਜੀ ਆਇਆਂ ਕਹਿੰਦਾ ਹੋਇਆ ਪ੍ਰਵਾਨਾ ਜੀ ਦੀ ਲੰਮੀ ਤੇ ਬਹੁਤ ਲੰਮੀ ਸਾਹਿਤਕ ਉਮਰ ਲਈ ਦੁਆ ਕਰਦਾ ਹੋਇਆ ਇਸ ਪੁਸਤਕ ਦੀ ਆਮਦ ’ਤੇ ਵਧਾਈ ਦੇਂਦਾ ਹਾਂ ਅਤੇ ਆਸ ਕਰਦਾ ਹਾਂ ਕਿ ਅੱਗੋਂ ਵੀ ਉਹ ਆਪਣੀਆਂ ਅਮੁੱਲੀਆਂ ਲਿਖਤਾਂ ਨਾਲ ਸਾਹਿਤ ਜਗਤ ਦੀ ਝੋਲੀ ਭਰਪੂਰ ਕਰਦੇ ਰਹਿਣਗੇ।

**ਲਖਵਿੰਦਰ ਸਿੰਘ ਬਾਜਵਾ**

11 ਮਾਰਚ 2019

ਪਿੰਡ ਤੇ ਡਾਕ : ਜਗਜੀਤਪੁਰਾ (ਹਰੀਪੁਰਾ)
ਜ਼ਿਲ੍ਹਾ ਸਿਰਸਾ (ਹਰਿਆਣਾ)
ਮੋ. 94167-34506



Sri Satguru Jagjit Singh Ji eLibrary NamdhariElibrary@gmail.com

## ਆਪਣੇ ਵੱਲੋਂ

ਧੰਨਵਾਦ ਸਮੁੱਚੀ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦਾ ਜਿਸ ਨਾਲ ਮੈਂ ਕਾਲਜ ਛੱਡਣ ਤੋਂ ਬਾਅਦ 1960 ਤੋਂ ਸਦੀਵੀ ਕਾਲ ਲਈ ਜੁੜ ਗਿਆ। ਸੰਤ ਤਰਨ ਸਿੰਘ 'ਵਹਿਮੀ' ਤੇ ਪ੍ਰੀਤਮ ਸਿੰਘ 'ਕਵੀ' ਜੀ (ਉਦੋਂ ਦੇ ਸਤਿਜੁਗ ਦੇ ਐਡੀਟਰ) ਸਭਾ ਦੀ ਸਰਪ੍ਰਸਤੀ ਕਰਦੇ ਸਨ। ਜਿਨ੍ਹਾਂ ਦੀ ਪ੍ਰੇਰਨਾ ਸਦਕਾ ਕਾਫੀ ਕਾਵਿ ਪ੍ਰੇਮੀ ਸਭਾ ਨਾਲ ਜੁੜਦੇ ਗਏ। ਤੇ ਮੈਂ ਵੀ ਨਿਰੰਤਰ ਸਭਾ ਨਾਲ ਜੁੜਿਆ ਰਿਹਾ। ਸੰਤੋਖ ਸਿੰਘ 'ਸਾਜਨ', ਬਲਵੀਰ ਸਿੰਘ ਢਿੱਲੋਂ, ਜੋਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ, ਮਾ. ਅਮਰੀਕ ਸਿੰਘ ਜੀ, ਸਾਧੂ ਸਿੰਘ ਕਿਸਾਨ, ਵਰਿਆਮ ਸਿੰਘ ਪਿਆਸਾ, ਸੁਵਰਨ ਸਿੰਘ ਚੀਮਾ ਤੇ ਹੋਰ ਕਈ ਨਾਮਵਰ ਹਸਤੀਆਂ ਸਭਾ ਦਾ ਸ਼ਿੰਗਾਰ ਬਣੀਆਂ ਰਹੀਆਂ। ਵਹਿਮੀ ਜੀ ਦੇ ਉੱਘੇ ਸ਼ਗਿਰਦ ਸੰਤੋਖ ਸਿੰਘ 'ਸਾਜਨ' ਨਾਲ ਮੇਰੀ ਬਚਪਨ ਦੀ ਯਾਰੀ ਸਦਕਾ ਮੇਰੇ ਅੰਦਰ ਦੀ ਕਵਿਤਾ ਦੇ ਉਦਗਾਰ ਉਜਾਗਰ ਹੁੰਦੇ ਗਏ ਤੇ ਮੈਨੂੰ ਵੀ ਕਵਿਤਾ ਦਾ ਰੰਗ ਚੜ੍ਹਦਾ ਗਿਆ ਤੇ ਹੌਲੀ ਹੌਲੀ ਮੈਂ ਵੀ ਕਵਿਤਾ ਤੇ ਗੀਤ ਲਿਖਣ ਲੱਗ ਪਿਆ। ਉਦੋਂ ਹੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦਾ ਅਖੰਡ ਪਾਠੀ ਮੈਂ ਬਣ ਗਿਆ। ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਪਾਠ ਮੁਕਾਬਲੇ ਵਿੱਚ ਮੈਂ ਸਰਵੋਤਮ ਪਾਠੀ ਵਜੋਂ ਕਈ ਵਾਰ ਪ੍ਰਥਮ ਪੁਰਸਕਾਰ ਹਾਸਿਲ ਕਰ ਚੁੱਕਾ ਹਾਂ। ਅਨੰਦਪੁਰ ਦੇ ਹੋਲੇ ਵਿੱਚ ਦਸਮ ਗ੍ਰੰਥ ਦੇ ਪਾਠ ਮੁਕਾਬਲੇ ਵਿੱਚ ਪ੍ਰਥਮ ਰਹਿਣ ਤੇ ਇੱਕ ਗੋਲਡ ਮੈਡਲ, ਮਾਲਾ ਤੇ ਗੁਟਕਾ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ।

ਉਦੋਂ ਇਲਾਕੇ ਦੇ ਪਿੰਡਾਂ ਤੇ ਬਾਹਰਲੇ ਪਿੰਡਾਂ ਸ਼ਹਿਰਾਂ ਵਿੱਚ ਕਵੀ ਦਰਬਾਰਾਂ ਦਾ ਦੌਰ ਖੂਬ ਚਲਦਾ ਸੀ ਤੇ ਸਾਰੇ ਕਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਮਾ. ਅਮਰੀਕ ਸਿੰਘ, ਬਲਵੀਰ ਸਿੰਘ ਤੇ ਸੰਤੋਖ ਸਿੰਘ 'ਸਾਜਨ' ਨਾਲ ਮੇਰਾ ਸੰਪਰਕ ਵਧਦਾ ਗਿਆ ਤੇ ਕਵਿਤਾ ਲਿਖਣ ਦਾ ਸ਼ੌਂਕ ਰੰਗ ਲਾਇਆ, ਜਿਸਦੀ ਬਦੌਲਤ ਅੱਜ ਇਹ ਪੁਸਤਕ ਹੋਂਦ ਵਿੱਚ ਆਈ ਹੈ। ਉਮੀਦ ਹੈ ਆਪ ਸਭ ਪਾਠਕ ਸੱਜਣ ਇਸ ਨੂੰ ਮਾਨ ਦੇ ਕੇ ਨਿਵਾਜਨਗੇ। ਇੱਕ ਗੀਤ ਤੇ ਕਵਿਤਾਵਾਂ ਦੀ ਪੁਸਤਕ ਦਾ ਖਰੜਾ ਤਿਆਰ ਏ ਜੋ ਪਾਠਕ ਸੱਜਣਾ ਦੇ ਹੁੰਗਾਰੇ ਨਾਲ ਹੋਂਦ ਵਿੱਚ ਲਿਆਂਦਾ ਜਾਵੇਗਾ।

ਧੰਨਵਾਦ ਸਭਾ ਦੇ ਮੌਜੂਦਾ ਪ੍ਰਧਾਨ ਲਖਵਿੰਦਰ ਸਿੰਘ ਬਾਜਵਾ ਦਾ (ਜੋ ਪੰਦਰ੍ਹਾਂ ਕਿਤਾਬਾਂ ਲਿਖ ਕੇ ਛਪਵਾ ਚੁੱਕੇ ਹਨ ਤੇ ਪੰਜਾਂ ਪੁਸਤਕਾਂ ਦਾ ਖਰੜਾ ਛਪਣ ਅਧੀਨ ਪਈਆਂ ਹਨ) ਦਾ ਜਿਨ੍ਹਾਂ ਨੇ ਮੇਰਾ ਪੂਰਾ ਸਾਥ ਦੇ ਕੇ ਖਰੜਾ ਵਾਚ ਕੇ ਇਹ ਪੁਸਤਕ ਹੋਂਦ ਵਿੱਚ ਲਿਆਂਦੀ ਤੇ ਮੇਰੇ ਬਾਰੇ ਵੀ ਆਪਣੇ



Sri Satguru Jagjit Singh Ji eLibrary NamdhariElibrary@gmail.com

ਖਿਆਲ ਲਿਖੇ।

ਅੰਤ ਵਿੱਚ ਧੰਨਵਾਦ ਸੁਵਰਨ ਸਿੰਘ ਵਿਰਕ ਜੀ ਦਾ (ਜੋ ਕਿ ਇੱਕ ਉੱਘੇ ਫ਼ਿਲਾਸਫ਼ਰ ਤੇ ਬੁਲਾਰਾ ਹਨ) ਜਿਨ੍ਹਾਂ ਨੇ ਇਸ ਪੁਸਤਕ ਦਾ ਮੁੱਖ ਬੰਦ ਲਿਖ ਕੇ ਮੈਨੂੰ ਨਿਵਾਜਿਆ ਹੈ।

ਧੰਨਵਾਦ ਸਹਿਤ।


ਆਪ ਸਭ ਦਾ ਅਜੀਜ਼

**ਹਰਭਜਨ ਸਿੰਘ ਪ੍ਰਵਾਨਾ**

ਸੰਤ ਨਗਰ (ਹਰਿਆਣਾ)

ਹਾਲ ਲੁਧਿਆਣਾ (ਪੰਜਾਬ)

ਮੋ. 94630-55940





Sri Satguru Jagjit Singh Ji eLibrary NamdhariElibrary@gmail.com

## ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ

ਜਦੋਂ ਜੱਗ ਵਿੱਚ ਪਾਪ ਪਰਵਿਰਤ ਹੋਇਆ,
ਬਦੀ ਕਰਨ ਤੇ ਤੁੱਲ ਇਨਸਾਨ ਆਇਆ।
ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗ ਪਈ,
ਹਰ ਥਾਂ ਜ਼ੁਲਮ ਦਾ ਝੁੱਲ ਤੂਫ਼ਾਨ ਆਇਆ।
ਭਾਂਬੜ ਈਰਖਾ ਦਾ ਦਿਲੀਂ ਮੱਚ ਉੱਠਿਆ,
ਸੜਦਾ ਕੁੱਲ ਬ੍ਰਹਿਮੰਡ ਨਜ਼ਰਾਨ ਆਇਆ।
ਰਾਜੇ ਬਣੇ ਕਸਾਈ ਤੇ ਧਰਮ ਉੱਡਿਆ,
ਜ਼ਿਬ੍ਹਾ ਹੋਂਵਦਾ ਨਜ਼ਰ ਈਮਾਨ ਆਇਆ।
ਐਸੇ ਘੋਰ ਅਨਿਆਂ ਦੇ ਸਮੇਂ ਸਮਝੋ,
ਅਰਸ਼ੋਂ ਫ਼ਰਸ਼ ਤੇ ਉੱਤਰ ਭਗਵਾਨ ਆਇਆ।
ਕਾਜ਼ੀ, ਬਾਮ੍ਹਣਾਂ, ਮੋਮਨ ਮੁਲਾਣਿਆਂ ਲਈ,
ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਰੇਤ ਅੱਕ ਦਾ ਕਰ ਆਹਾਰ ਪਹਿਲੋਂ,
ਛੱਤੀ ਯੁੱਗ ਤਪੱਸਿਆ ਠਾਨ ਆਇਆ।
ਹੱਥ ਗਦਾ ਗਰੀਬੀ ਦੀ ਧਾਰ ਲੈ ਕੇ,
ਰਾਹੋਂ ਭੁੱਲਿਆਂ ਨੂੰ ਰਾਹੇ ਪਾਉਣ ਆਇਆ।
ਫੋਕੇ ਰਸਮੋਂ, ਰਿਵਾਜ਼ਾਂ ਭੁਲੇਖਿਆਂ ਤੋਂ,
ਹੱਥੀਂ ਵਹਿਮ ਦਾ ਪਰਦਾ ਉਠਾਉਣ ਆਇਆ।
ਉੱਚੇ ਨੀਂਵੇ ਦਾ ਭੇਤ ਮਿਟਾ ਦਿਲ 'ਚੋਂ,
ਹਰ 'ਚੋਂ ਹਰਿ ਦਾ ਰੂਪ ਵਿਖਾਉਣ ਆਇਆ।
ਰਾਖਾ ਧਰਮ ਦਾ ਜ਼ੁਲਮ ਦਾ ਬਣ ਵੈਰੀ,
ਜ਼ੋਰ ਜ਼ਬਰ ਦਾ ਮੂੰਹ ਭਵਾਉਣ ਆਇਆ।
ਦਇਆ ਦਰਦ ਤੇ ਰਹਿਮਤ ਦਾ ਬਣ ਫ਼ਰਿਸ਼ਤਾ,
ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਮਸਤੀ ਨਾਮ ਦੀ ਵਿੱਚ ਮਖ਼ਮੂਰ ਹੋ ਕੇ,
ਅੱਵਲ-ਅੱਲਾ ਦਾ ਨਾਮ ਜਪਾਉਣ ਆਇਆ।
ਇੱਕ ਨੂਰ ਥੀਂ ਉਪਜਿਆ ਜੱਗ ਸਾਰਾ,
ਦ੍ਵੈਸ਼ ਭਾਵ ਸਭ ਦਿਲੋਂ ਮਿਟਾਉਣ ਆਇਆ।



Sri Satguru Jagjit Singh Ji eLibrary NamdhariElibrary@gmail.com

ਸੱਜਣ ਠੱਗ ਜਿਹੇ ਵਿਸਾਹ-ਘਾਤੀਆਂ ਨੂੰ,
ਸੱਚਾ-ਸੁੱਚਾ ਉਪਦੇਸ਼ ਸੁਣਾਉਣ ਆਇਆ।
ਕੱਢ ਵਲੀ ਦਾ ਵਲ ਚਾ ਵੱਲ ਕੀਤਾ,
ਕੌਡੇ ਰਾਖਸ਼ਾਂ ਦੇਵ ਬਣਾਉਣ ਆਇਆ।
ਦਿੱਤਾ ਮਲਕ ਠੁਕਰਾ ਖਾ ਕੇ ਕੋਧਰੇ ਦੀ,
ਦਸਾਂ ਨਹੁੰਆਂ ਦੀ ਕਿਰਤ ਵਡਿਆਣ ਆਇਆ।
ਵਾਲੀ ਜੱਗ ਦਾ ਬਣ ਕੇ ਪੀਰ ਸਭ ਦਾ,
ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਜ਼ੱਰਰੇ-ਜ਼ੱਰਰੇ ਵਿੱਚ ਜ਼ਾਹਰ ਜ਼ਹੂਰ ਰੱਬ ਦਾ,
ਫੇਰ ਮੱਕੇ ਦਾ ਮੂੰਹ ਵਿਖਾਉਣ ਆਇਆ।
ਬਾਬਰ ਜਿਹੇ ਜ਼ਾਬਰ ਕੀਤੇ ਤੁਰੰਤ ਸਾਬਰ,
ਚੱਕੀ ਨਾਲ ਇਸ਼ਾਰੇ ਚਲਾਉਣ ਆਇਆ।
ਸਿੱਧ ਮੰਡਲੀ ਸੰਗ ਕਰ ਸਿੱਧ-ਗੋਸ਼ਟ,
ਮੈਲ਼ੇ ਦਿਲ ਦਿਮਾਗ਼ ਰੁਸ਼ਨਾਉਣ ਆਇਆ।
ਜਿੱਥੋਂ ਸਾਰੇ ਸੰਸਾਰ ਨੂੰ ਮਿਲੇ ਚਾਨਣ,
ਐਸੀ ਪਿਆਰ ਮਿਸ਼ਾਲ ਜਗਾਉਣ ਆਇਆ।
ਅੰਗਦ ਅੰਗ 'ਚੋਂ ਪੈਦਾ ਕਰ ਰੂਪ ਆਪਣਾ,
ਮੁੱਢੋਂ ਗੁਰ ਪ੍ਰਣਾਲੀ ਚਲਾਉਣ ਆਇਆ।
ਚੌਹਾਂ ਵਰਨਾਂ ਨੂੰ ਦੇ ਉਪਦੇਸ਼ ਸਾਂਝਾ,
ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।

ਰਾਏ ਭੋਇ ਤਲਵੰਡੀ ਵਿੱਚ ਗ੍ਰਿਹਿ ਕਾਲੂ,
ਭਾਗ ਤ੍ਰਿਪਤਾ ਦੀ ਗੋਦ ਨੂੰ ਲਾਉਣ ਆਇਆ।
ਤ੍ਰੇਤੇ ਵਿੱਚ ਬਣ ਰਾਮ ਰਘੁਬੰਸ ਕਿਧਰੇ,
ਦੁਆਪਰ 'ਚ ਬਣ ਕ੍ਰਿਸ਼ਨ ਭਗਵਾਨ ਆਇਆ।
ਦੀਨ ਦੁਖੀ ਮਜ਼ਲੂਮ ਦਾ ਬਣ ਹਾਮੀਂ,
ਕਲਿ ਤਾਰਨ ਗੁਰ ਨਾਨਕ ਮਹਾਨ ਆਇਆ।
ਭਗਤੀ ਭਾਵ ਦ੍ਰਿੜਾ ਗਿਆਨ ਸੱਚਾ,
ਧਰਮ ਕਰਮ ਦਾ ਕਰਨ ਉੱਥਾਨ ਆਇਆ।



Sri Satguru Jagjit Singh Ji eLibrary NamdhariElibrary@gmail.com

ਪੰਦਰਾਂ ਸੌ ਛੱਬੀ ਕੱਤਕ ਪੁੰਨਿਆਂ ਨੂੰ,
ਰਿਸ਼ਮਾਂ ਲੈ ਅਨੰਤ ਚੜ੍ਹ ਭਾਨ ਆਇਆ।
ਵੀਰ ਨਾਨਕੀ ਦਾ ਪੀੜ ਹਰਨ ਜੱਗ ਦੀ,
ਸਾਂਝਾ ਸਭ ਦਾ ਸ਼ਾਹ ਸੁਲਤਾਨ ਆਇਆ।
***



Sri Satguru Jagjit Singh Ji eLibrary NamdhariElibrary@gmail.com

## ਆਇਆ ਨਿਰੰਕਾਰ ਏ

ਤ੍ਰਿਪਤਾ ਦਾ ਲਾਲ ਬਾਂਕਾ ਵੀਰ ਭੈਣ ਨਾਨਕੀ ਦਾ,
ਕਾਲੂ ਫ਼ਰਜ਼ੰਦ ਸਾਰੇ ਜੱਗ ਦਾ ਸ਼ਿੰਗਾਰ ਏ।
ਜੋਤ ਹੈ ਅਕਾਲ ਕੱਟੇ ਮਹਾਂ-ਭਵ ਦੁੱਖ ਜਾਲ,
ਚਿਹਰਾ ਹੈ ਨੂਰਾਨੀ ਸ਼ਾਂਤ ਨਗ਼ਮਾ ਸਿਤਾਰ ਏ।
ਬੋਲ ਕੂੰਜ ਮੋਤੀਆਂ ਦੇ ਸਾਂਝਾ ਪ੍ਰਚਾਰ ਜੀਹਦਾ,
ਹਿੰਦੂ, ਸਿੱਖ, ਮੁਸਲਿਮ ਦਾ ਸੱਚਾ ਪੈਰੋਕਾਰ ਏ।
ਵੈਦਾਂ ਦਾ ਹੈ ਵੈਦ, ਪਾਂਧਾ ਮੌਲਵੀਆਂ ਮੌਲਵੀ ਇਹ,
ਅਜਿਜ਼ਾਂ ਦੀ ਰੂਹ ਧੁਜਾ-ਧਰਮ ਅਲੌਂਕਾਰ ਏ।
ਉੱਡ ਗਏ ਪਾਖੰਡ ਖਿਜ਼ਾਂ ਵਾਂਗ ਵਾਚ ਪੱਤਰਾ ਸੀ,
ਹਰ-ਦਿਲ ਹਰ ਥਾਈਂ ਝੂਮਦੀ ਬਹਾਰ ਏ।
ਹੋਇ ਕੇ ਦਇਆਲ, ਲੈ ਕੇ ਨਾਮ ਦਾ ਜ਼ਲਾਲ,
ਰੂਪ ਨਿਰਪੱਖ ਧਾਰ ਆਇਆ ਨਿਰੰਕਾਰ ਏ।

ਬਣੀ ਤਦਬੀਰ, ਤਕਦੀਰ ਜਾਗੀ ਸੁੱਖਾਂ ਵਾਲੀ,
ਬਣ ਕੇ ਮਲਾਹ ਬੇੜੇ ਕਰਨ ਆਇਆ ਪਾਰ ਏ।
ਹੋਸੀ ਬਣੋਬਾਸ ਜੋਰ ਜ਼ੁਲਮ ਤੁਅੱਸਬ ਨੂੰ,
ਕੂੜਾ ਜਾਸੀ ਭਾਜ ਹੋਣਾ ਸੱਚ ਉਜਿਆਰ ਏ।
ਸਰਬ-ਵਿਆਪੀ ਰੱਬ ਵੱਸਦਾ ਨਹੀਂ ਇੱਕ ਜਗ੍ਹਾ,
ਦੱਸਿਆ ਤੂੰ ਮੌਲਾ ਬਣ ਮੱਕੇ ਵਿਚਕਾਰ ਏ।
ਵੰਡ ਖਾਓ, ਖੰਡ ਖਾਓ, ਧਰਮ ਦੀ ਕਿਰਤ ਕਰੋ,
ਜੰਗਲੀਂ ਨਾ ਰੁਲੋ ਬੈਠਾ ਦਿਲੀਂ ਦਿਲਦਾਰ ਏ।
ਮਲਕ ਨੂੰ ਜਗਾਇਆ, ਕੁੱਲੀ ਲਾਲੋ ਦੀ ਨੂੰ ਭਾਗ ਲਾਇਆ,
ਰੀਝਦਾ ਨਹੀਂ ਰੱਬ ਉੱਤੇ ਮਖ਼ਮਲੀਂ ਦੁਆਰ ਏ।
ਪੰਦਰਾਂ ਸੌ ਛੱਬੀ ਸੰਮਤ ਕੱਤਕ ਦੀ ਪੁੰਨਿਆਂ ਨੂੰ,
ਸ਼ਕਤੀ ਅਮਿਤ ਲੈ ਕੇ ਆਇਆ ਨਿਰੰਕਾਰ ਏ।

ਜਿੱਥੋਂ ਤੀਕ ਤੀਰ ਤੇਰੇ ਨੈਣਾਂ ਨੇ ਉਡਾਰ ਲਾਈ,
ਸਕਿਆ ਨਾ ਪੁੱਜ ਸਾਇੰਸਦਾਨਾਂ ਦਾ ਵਿਚਾਰ ਏ।
ਵਲੀ ਦਾ ਗਵਾਇਆ ਮਾਣ ਠਾਰਿਆ ਕੜਾਹਾ ਆਣ,
ਸਿੱਧਾਂ ਨੂੰ ਗਿਆਨ ਕੀਤਾ ਦੂਰ ਵਿਭਚਾਰ ਏ।



Sri Satguru Jagjit Singh Ji eLibrary NamdhariElibrary@gmail.com

ਈਰਖਾ ਦ੍ਵੈਤ ਵਿੱਚ ਸੜ ਰਹੀ ਮੇਦਨੀ ਨੂੰ,
ਛੱਟਾ ਦੇ ਕੇ ਨਾਮ ਵਾਲਾ ਕੀਤਾ ਠੰਢਾ ਠਾਰ ਏ।
ਕ੍ਰਿਸ਼ਮੇਂ ਅਗਾਧ ਬੋਧ ਮੇਰੇ ਵਿੱਚ ਬੂੰਦ ਵਤ,
ਕਰਾਂ ਕੀ ਬਿਆਨ ਤੇਰੇ ਅਜ਼ਬ ਚਮਤਕਾਰ ਏ।
ਏਕਾ ਸਾਂਝੀਵਾਲਤਾ ਤੇ ਪ੍ਰਸਪਰ ਮੈਤ੍ਰੀ ਨੂੰ,
ਦਿਲਾਂ 'ਚ ਵਸਾ ਕੇ ਲਈਏ ਹਿਰਦੇ ਨਿਖ਼ਾਰ ਏ।
ਆਖੇ 'ਪ੍ਰਵਾਨਾ' ਗਾਓ ਓਸਦਾ ਤਰਾਨਾ ਅੱਜ,
ਨਾਨਕ ਦੇ ਰੂਪ ਵਿੱਚ ਆਇਆ ਨਿਰੰਕਾਰ ਏ।
***



Sri Satguru Jagjit Singh Ji eLibrary NamdhariElibrary@gmail.com

## ਅਰਜਨ ਪਿਆਰਾ

ਅਰਜਨ ਪਿਆਰਾ ਭਾਨੀ ਮਾਂ ਦੀ ਅੱਖ ਦਾ ਤਾਰਾ।
ਆਜ਼ਿਜ਼-ਨਿਵਾਜ਼ ਸੱਚਾ ਸ਼ਾਂਤੀ ਦਾ ਫ਼ੁਹਾਰਾ।
ਅਰਜਨ ਪਿਆਰਾ...

ਜਹਾਂਗੀਰ ਹੱਥ ਜਦੋਂ ਆਈ ਵਾਗਡੋਰ ਸੀ।
ਚੰਦੂ ਨੇ ਗਰੀਬਾਂ ਦੀ ਲਈ ਰੱਤ ਵੀ ਨਿਚੋੜ ਸੀ।
ਜ਼ੁਲਮੀ ਤੂਫ਼ਾਨਾਂ 'ਚ ਨਾ ਡੋਲਿਆ ਨਾ ਹਾਰਾ।
ਅਰਜਨ ਪਿਆਰਾ...

ਚੰਦੂ ਤਾਂ ਗ਼ਰੂਰ ਵਿੱਚ ਆਪਣੇ ਹੀ ਭੁੱਲਾ ਸੀ।
ਖਿੜੇ ਮੱਥੇ ਏਧਰ ਉਹ ਜ਼ੁਲਮ ਸਹਿਣ ਤੁੱਲਾ ਸੀ।
ਕੰਨਿਆ ਦਾ ਸਾਕ ਲੈਣੋਂ ਕੀਤਾ ਇਨਕਾਰਾ।
ਅਰਜਨ ਪਿਆਰਾ...

ਜੇਠ ਦਾ ਮਹੀਨਾ ਉੱਤੋਂ ਭਾਨ ਅੱਗ ਲਾਈ ਸੀ।
ਲਾਲ ਭਖ਼ੀ ਲੋਹ ਤੇ ਸਮਾਧੀ ਤੂੰ ਲਗਾਈ ਸੀ।
'ਤੇਰਾ ਭਾਣਾ ਮੀਠਾ ਲਾਗੈ' ਸ਼ੁਕਰ ਹੀ ਗੁਜਾਰਾ।
ਅਰਜਨ ਪਿਆਰਾ....

ਸਿੱਖ ਪੰਥ ਵਿੱਚ ਸਿਰਤਾਜ ਤੂੰ ਸ਼ਹੀਦਾਂ ਦਾ।
ਮੁਰਸ਼ਦ ਸੈਂ ਮੀਆਂ ਮੀਰ ਜਿਹੇ ਵੀ ਮੁਰੀਦਾਂ ਦਾ।
ਘਟ-ਘਟ ਵਿੱਚੋਂ ਇੱਕੋ ਬ੍ਰਹਮ ਨੂੰ ਨਿਹਾਰਾ।
ਅਰਜਨ ਪਿਆਰਾ...

ਬਾਣੀ ਸੰਗ੍ਰਹਿ ਆਦਿ ਗ੍ਰੰਥ ਵਿੱਚ ਕਰ ਗਿਓਂ।
ਸਿੱਖਾਂ ਲਈ ਰਾਹ ਰੋਸ਼ਨ ਸਿੱਖੀ ਦਾ ਤੂੰ ਕਰ ਗਿਓਂ।
ਪੜ੍ਹੇ, ਮੰਨੇ, ਲੱਭੇ ਉਹਨੂੰ ਮੁਰਸ਼ਦ ਦਵਾਰਾ।
ਅਰਜਨ ਪਿਆਰਾ...



Sri Satguru Jagjit Singh Ji eLibrary NamdhariElibrary@gmail.com

ਜਿੰਨ੍ਹੇਂ ਜਾਨ ਧਰਮ ਦੀ ਸ਼ਮ੍ਹਾਂ ਉੱਤੇ ਲਾਈ ਸੀ।
ਰੂਹ 'ਪ੍ਵਾਨੇ' ਵਾਂਗ ਨਹੀਂ ਹਿਚਕਚਾਈ ਸੀ।
ਅਮਰ ਸ਼ਹੀਦੀ ਬਣੀਂ ਅਰਸ਼ੀਂ ਸਿਤਾਰਾ।
ਅਰਜਨ ਪਿਆਰਾ...
***



Sri Satguru Jagjit Singh Ji eLibrary NamdhariElibrary@gmail.com

## ਗੀਤ

(ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਲਈ)

ਸ਼ਾਂਤੀ ਪੁੰਜ ਅਰਜਨ ਦੇਵ ਗੁਰੂ,
ਬਾਨੀ ਅਦਭੁਤ ਕੁਰਬਾਨੀ ਦਾ।
ਸਿਰਤਾਜ ਨਿਸ਼ਾਨ ਸ਼ਹੀਦਾਂ ਦਾ,
ਸਰੂਪ ਸੀ ਬ੍ਰਹਮਗਿਆਨੀ ਦਾ।

ਉਹਦੇ ਨੈਣੋਂ ਅੰਮ੍ਰਿਤ ਝਰਦਾ ਸੀ,
ਬੋਲਾਂ ਚੋਂ ਸ਼ਹਿਦ ਵੀ ਚੋਂਦਾ ਸੀ।
ਲਿਵ ਗੁਰ ਚਰਨਾਂ ਨਾਲ ਜੋੜ ਸਦਾ,
ਉਹ ਬਾਣੀ ਬ੍ਰਹਮ ਦੀ ਗਾਉਂਦਾ ਸੀ।
ਉਹ ਅਲਿਮ ਫ਼ਾਜ਼ਿਲ ਹਾਫ਼ਿਜ਼ ਸੀ,
ਧਿਰ ਆਸਰਾ ਜੱਗ ਇਸ ਫਾਨੀ ਦਾ।
ਸ਼ਾਂਤੀ ਪੁੰਜ...

ਖੁਸਰੋ ਜਹਾਂਗੀਰ ਦਾ ਸ਼ਹਿਜਾਦਾ,
ਭੱਜ ਜਿੰਦ ਬਚਾ ਗੁਰ ਦਰ ਆਇਆ।
ਜਹਾਂਗੀਰ ਬਾਦਸ਼ਾਹ ਉਸ ਦਿਨ ਤੋਂ,
ਰਹਿੰਦਾ ਸੀ ਅੰਦਰੋਂ ਖੁਣ ਸਾਇਆ।
ਸ਼ਰਣਾਗਤ ਦੀ ਰੱਖਿਆ ਕਰਨੀ,
ਗੁਰ ਧਰਮ ਅਟੱਲ ਮਹਾਨੀ ਦਾ।
ਸ਼ਾਂਤੀ ਪੁੰਜ....

ਜਦ ਚੰਦੂ ਦੀ ਲੜਕੀ ਦਾ ਰਿਸ਼ਤਾ,
ਲੈਣ ਤੋਂ ਕੀਤਾ ਇਨਕਾਰਾ।
ਗੁਰ ਘਰ ਨੂੰ ਮੋਰੀ ਦੀ ਇੱਟ ਕਹਿ,
ਕਿਉਂਕਿ ਉਸਨੇ ਸੀ ਤ੍ਰਿਸਕਾਰਾ।
ਕਰ ਸੱਕੇ ਉਲੰਘਨ ਅਰਜਨ ਨਾ,
ਸੰਗਤ ਦੀ ਉਸ ਫ਼ੁਰਮਾਨੀ ਦਾ।
ਸ਼ਾਂਤੀ ਪੁੰਜ...



Sri Satguru Jagjit Singh Ji eLibrary NamdhariElibrary@gmail.com

ਦੇ ਦੇ ਕੇ ਤਸੀਹੇ ਚੰਦੂ ਨੇ,
ਚਾਹਿਆ ਸੀ ਗੁਰਾਂ ਨੂੰ ਮੰਨਵਾਨਾ।
ਸੜਦੀ ਬਲ਼ਦੀ ਹੋਈ ਲੋਹ ਉੱਤੇ,
ਬਹਿ ਗੁਰੂ ਡੋਲਿਆ ਭੋਰਾ ਨਾ।
ਪੈਂਦੀ ਰਹੀ ਸਿਰ ਤੋਂ ਰੇਤ ਗਰਮ,
ਇਹ ਸੀਨ ਸੀ ਜ਼ੁਲਮ ਕਹਾਣੀ ਦਾ।
ਸ਼ਾਂਤੀ ਪੁੰਜ...

ਫਿਰ ਗਊ ਦੇ ਕੱਚੇ ਚੰਮ ਅੰਦਰ,
ਉਸ ਮੜ੍ਹਨ ਦਾ ਹੁਕਮ ਸੁਣਾ ਦਿੱਤਾ।
ਉਸ ਧਰਮ ਰੱਖਿਅਕ ਗੁਰ ਅਰਜਨ ਨੂੰ,
ਪੈਰੋਂ ਸਿਰ ਤੱਕ ਕੰਬਾ ਦਿੱਤਾ।
ਝੱਲ ਕਸ਼ਟ ਲਏ ਪਰ ਬਣਿਆ ਹੁਣ,
ਮੁੱਖ ਸੁਆਲ ਧਰਮ ਦੀ ਹਾਨੀ ਦਾ।
ਸ਼ਾਂਤੀ ਪੁੰਜ...

ਝੱਟ ਬੋਲੇ ਅਰਜਨ ਕਰਨਾ ਹੈ,
ਇਸ਼ਨਾਨ ਅਸਾਂ ਹੁਣ ਰਾਵੀ 'ਚੋਂ।
ਕਰ ਬਾਹਰ ਆਏ ਤਾਂ ਕੰਬ ਉੱਠਿਆ,
ਜੱਗ ਵਰਤਣ ਵਾਲੀ ਭਾਵੀ ਤੋਂ।
'ਪ੍ਰਵਾਨਾ' ਜੋਤ 'ਚ ਜੋਤ ਰਲ਼ੀ,
ਕਰ ਜਪੁਜੀ ਪਾਠ ਗੁਰਬਾਣੀ ਦਾ।
ਸ਼ਾਂਤੀ ਪੁੰਜ....
***



Sri Satguru Jagjit Singh Ji eLibrary NamdhariElibrary@gmail.com

## ਗੁਰੂ ਅਰਜਨ

ਅਰਜਨ ਗਹਿਰ ਗੰਭੀਰ ਗੁਰੂ ਦੀ,
ਬੜੀ ਅਨੋਖੀ ਹੈ ਕੁਰਬਾਨੀ।
ਦੁਨੀਆਂ ਦਾ ਇਤਿਹਾਸ ਹੈ ਸਾਖੀ,
ਐਂਵੇਂ ਗੱਲ ਨਹੀਂ ਮੂੰਹ-ਜ਼ੁਬਾਨੀ।
ਦੁਨੀਆਂ ਅੱਜ ਤੱਕ ਸਿਜਦੇ ਕਰਦੀ,
ਬੇਸ਼ੱਕ ਹੋ ਗਈ ਗੱਲ ਪੁਰਾਣੀ।
ਤਾਰਿਆਂ ਵਾਗੂੰ ਚਮਕ ਰਹੀ ਏ,
ਮਾਨੋ ਕੱਲ੍ਹ ਦੀ ਜਿਵੇਂ ਕਹਾਣੀ।
ਜ਼ੁਲਮ ਤੇ ਜ਼ਬਰ ਤਸ਼ੱਦਦ ਦੀ ਸੀ,
ਰੋਕੀ ਜਿਸ ਰਫ਼ਤਾਰ ਤੂਫ਼ਾਨੀ।
ਧਰਮ ਅਣਖ ਤੇ ਗੌਰਵਤਾ ਦੀ,
ਦਿੱਤੀ ਹੋਣ ਨਹੀਂ ਪਰ ਹਾਨੀ।
ਜੇਠ ਮਹੀਨਾ ਭੱਠ ਅਗਨ ਦਾ,
ਵਰਤ ਰਿਹਾ ਸੀ ਕਹਿਰ ਮਹਾਨੀ।
ਲਾਲ, ਲੋਹ ਅੰਗਿਆਰ ਬਣੀ ਸੀ,
ਬਰਸ ਰਹੀ ਸੀ ਅੱਗ ਸ਼ੈਤਾਨੀ।
ਉੱਤੇ ਅਰਜਨ ਮਾਰ ਚੌਂਕੜਾ,
ਬੈਠਾ ਸੀਗਾ ਬ੍ਰਹਮ ਗਿਆਨੀ।
ਤੇਰਾ ਭਾਣਾ ਮੀਠਾ ਲਾਗੇ,
ਪੜ੍ਹਦਾ ਮੁੱਖੋਂ ਸੀ ਇਹ ਬਾਣੀ।
ਜਾਮਿ-ਸ਼ਹਾਦਤ ਹੱਸ ਹੱਸ ਪੀਤਾ,
ਖਿੜੇ ਮੱਥੇ, ਨਹੀਂ ਆਈ ਗਿਲਾਨੀ।
ਪਰਲੋ ਤੀਕਰ ਯਾਦ ਰਹੇਗੀ,
ਵਿੱਚ ਇਤਿਹਾਸੀਂ ਅਮਰ ਨਿਸ਼ਾਨੀ।
ਚੰਦੂ ਚੰਦਰੇ ਜ਼ੁਲਮ ਕਮਾਇਆ,
ਕੀਤੀ ਹੱਦੋਂ ਵੱਧ ਮਨਮਾਨੀ।
ਕੋਮਲ ਜਿੰਦ ਮਲੂਕ ਤਪਾਈ,
ਫਰਜ਼ ਭੁਲਾਏ ਸਭ ਇਨਸਾਨੀ।
ਗਰਮ ਰੇਤ ਦੇ ਕੜਛੇ ਸਿਰ ਤੋਂ,
ਡੋਲ੍ਹ ਡੋਲ੍ਹ ਸੀ ਲੂਹੀ ਜਵਾਨੀ।



Sri Satguru Jagjit Singh Ji eLibrary NamdhariElibrary@gmail.com

ਰਿਹੋਂ ਸ਼ਾਂਤ ਪਰ ਤੂੰ ਨਾ ਝਵਿਓਂ,
ਧੰਨ ਤੂੰ ਧੰਨ ਮਾਤਾ ਭਾਨੀ।
ਕਹਿਰ ਅੱਤ ਦਾ ਅੱਖੀਂ ਤੱਕ ਕੇ,
ਮੀਆਂ ਮੀਰ ਦੀ ਵਧੀ ਹੈਰਾਨੀ।
ਹੱਥ ਜੋੜ ਕੇ ਅਰਜ਼ ਗੁਜ਼ਾਰੀ,
ਦਾਤਾ ਹੋਵੇ ਜੇ ਫ਼ੁਰਮਾਨੀ।
ਦਿੱਲੀ ਅਤੇ ਲਾਹੋਰ ਦੋਹਾਂ ਨੂੰ,
ਦਿਆਂ ਉਡਾ ਨਾ ਮਿਲੇ ਨਿਸ਼ਾਨੀ।
ਮਜ਼ਾ ਚਖਾਵਾਂ ਜ਼ੁਲਮ ਦਾ ਐਸਾ,
ਰੋਵਣ ਚੇਤੇ ਕਰ ਕਰ ਨਾਨੀ।
ਸ਼ਾਂਤੀ ਪੁੰਜ ਸਿਰਤਾਜ ਸ਼ਹਾਦਤ,
ਬੋਲੇ ਅਰਜਨ ਸਹਿਜ ਸੁਭਾਨੀ।
ਨਾਲ ਠੋਕਰਾਂ ਸਦਾ ਹੈ ਹੁੰਦੀ,
ਦਰਿਆਵਾਂ ਦੀ ਤੇਜ਼ ਰਵਾਨੀ।
ਹੱਸ-ਹੱਸ ਵਾਰ ਜ਼ੁਲਮ ਦੇ ਸਹਿਣੇ,
ਕਰਨੀ ਸ਼ਾਂਤੀ ਦੀ ਸਿਰਜਾਨੀ।
ਦੁਨੀਆਂ ਦੇ ਹਰ ਕੋਨੇ-ਕੋਨੇ,
ਗੂੰਜੂ ਗਾਥਾ ਅਮਰ ਲਾਸਾਨੀ।

ਸੜਦੀਆਂ ਰੂਹਾਂ ਠਾਰਨ ਵਾਲੀ,
ਕੱਠੀ ਕੀਤੀ ਸਭ ਗੁਰਬਾਣੀ।
ਆਦਿ-ਗ੍ਰੰਥ ਦੀ ਬੀੜ ਬਣਾ ਕੇ,
ਸ਼ਕਤੀ ਇਸ ਵਿੱਚ ਭਰੀ ਰੂਹਾਨੀ।
ਸ਼ਰਧਾ ਨਾਲ ਪੜ੍ਹੇ ਜੋ ਇਸਨੂੰ,
ਗੁਰ-ਮਾਰਗ ਦੀ ਹੋਇ ਪਛਾਨੀ।
ਜਿਤ ਲਗ ਭਉਜਲ ਪਾਰ ਪਰੇ,
ਭਵ-ਸਾਗਰ ਸਿੰਧ ਤਰੇ ਆਸਾਨੀ।
ਗੁਰ ਅਰਜਨ ਪ੍ਰਤੱਖ ਹਰੀ ਹਰ,
ਜੁਗ-ਜੁਗ ਪੀੜ੍ਹੀ ਗੁਰੂ ਚਲਾਨੀ।



Sri Satguru Jagjit Singh Ji eLibrary NamdhariElibrary@gmail.com

ਮਾਨਸ-ਦੇਹ ਪਾਏ ਪਦ ਹਰਿਭਜ,
ਦਿੱਤੀ ਏਹੋ ਸੀਖ ਮਹਾਨੀ।
ਮਰਨਾ ਸੱਚ, ਝੂਠ ਜੱਗ ਜੀਨਾ,
ਸੰਤਨ ਬਿਨ ਇਹ ਅਵਰ ਨਾ ਜਾਨੀ।
ਸਿਰੋਂ ਪਰੇ ਪ੍ਰੇਮ ਦਾ ਡੇਰਾ,
ਪ੍ਰੀਤ ਰੀਤ ਵਿਰਲੇ ਪਹਿਚਾਨੀ।
ਝਾਗ ਔਕੜਾਂ ਲੱਖਾਂ ਸਿਰ ਤੇ,
ਰੱਖੀ ਕਾਇਮ ਧਰਮ ਨਿਸ਼ਾਨੀ।
ਛਾਲੇ-ਛਾਲੇ ਜਿਸਮ ਹੋ ਗਿਆ,
ਦੂਣ-ਸਵਾਈ ਰੂਹ ਮੁਸਕਾਨੀ।
ਗਊ ਦੇ ਕੱਚੇ ਚੰਮ੍ਹ ਵਿੱਚ ਮੜ੍ਹਨੇ,
ਦੀ ਇਹ ਸੁਣੀਂ ਜਦੋਂ ਐਲਾਨੀ।
ਰਾਵੀ 'ਚੋਂ ਇਸ਼ਨਾਨ ਪਾਠ ਕਰ,
ਓੜ ਚੱਦਰ ਹੋਇ ਅੰਤਰ ਧਯਾਨੀ।
ਜਿਉਂ ਜਲ ਮੇਂ ਜਲ ਆਏ ਖਟਾਨਾ,
ਤਿਉਂ ਜੋਤੀ ਸੰਗ ਜੋਤ ਸਮਾਨੀ।
***



Sri Satguru Jagjit Singh Ji eLibrary NamdhariElibrary@gmail.com

## ਪਟਨੇ 'ਚ ਚੰਨ ਚੜ੍ਹਿਆ

ਪਟਨੇ 'ਚ ਚੰਨ ਚੜ੍ਹਿਆ,
ਸਾਰੇ ਜੱਗ ਵਿੱਚ ਹੋਈ ਰੁਸ਼ਨਾਈ।
ਭੀਖਮ ਸ਼ਾਹ ਚੱਲ ਆ ਗਿਆ,
ਮਾਤਾ ਗੁਜਰੀ ਨੂੰ ਦੇਣ ਵਧਾਈ।
ਪਟਨੇ 'ਚ...

ਕੁੱਜੀਆਂ ਦੋ ਅੱਗੇ ਰੱਖੀਆਂ,
ਚਾਹਿਆ ਪੀਰ ਨੇ ਗੁਰਾਂ ਨੂੰ ਅਜ਼ਮਾਨਾ।
ਰਾਖਾ ਹਾਂ ਮੈਂ ਦੋਹਾਂ ਕੌਮਾਂ ਦਾ,
ਦੋਵੇਂ ਹੱਥ ਰੱਖ ਦੋਹਾਂ ਤੇ ਵਿਖਾਨਾ।
ਨਿੱਕੇ ਜਿਹੇ ਬਾਲਕੇ ਨੇ,
ਲੀਲਾ ਜੱਗ ਨੂੰ ਅਨੋਖੀ ਹੀ ਵਿਖਾਈ।
ਪਟਨੇ 'ਚ...

ਜੱਗ 'ਚ ਬਹਾਰਾਂ ਆ ਗਈਆਂ,
ਚਵੀਂ ਪਾਸੀਂ ਖਿੰਡੀਆਂ ਖੁਸ਼ਬੋਆਂ।
ਜੀਵ ਜੰਤ ਮੌਲ ਉੱਠੇ,
ਘਰ-ਘਰ ਵਿੱਚ ਪਹੁੰਚੀਆਂ ਸੋਆਂ।
ਸੁੱਖਾਂ ਦਾ ਸੁਨੇਹੜਾ ਲੈ ਕੇ,
ਅੱਜ ਪੋਹ ਸੁਦੀ ਸੱਤਵੀਂ ਹੈ ਆਈ
ਪਟਨੇ 'ਚ...

ਜ਼ੁਲਮ ਤੇ ਤਸ਼ੱਦਦਾਂ ਦਾ ਹੋਣਾ,
ਜੱਗ ਵਿੱਚੋਂ ਕੂਚ ਸਫ਼ਾਇਆ।
ਦੁਸ਼ਟ-ਦਮਨ ਪੀਰ ਉੱਚ ਦਾ,
ਸਈਓਂ ਮਰਦ ਅਗੰਮੜਾ ਆਇਆ।
ਅਰਸ਼ਾਂ 'ਚੋਂ ਦੇਵਤਿਆਂ,
ਫੁੱਲ ਕਲੀਆਂ ਦੀ ਵਰਖਾ ਵਰ੍ਹਾਈ।
ਪਟਨੇ 'ਚ...



Sri Satguru Jagjit Singh Ji eLibrary NamdhariElibrary@gmail.com

ਬਾਨੀ ਪੰਥ ਖਾਲਸੇ ਦਾ,
ਇਹਨੇਂ ਦੁਖੀਆਂ ਦਾ ਦਰਦ ਵੰਡਾਣਾ।
ਮਾਤਾ ਪਿਤਾ ਪੁੱਤ ਚਾਰੇ,
ਸਰਬੰਸ ਵੀ ਧਰਮ ਤੋਂ ਲੁਟਾਣਾ।
ਆਜਿਜ਼ਾਂ ਨਿਤਾਣਿਆਂ ਨੂੰ,
ਇਹਨੇਂ ਝੱਖੜਾਂ 'ਚੋਂ ਦੇਣੀ ਅਗਵਾਈ।
ਪਟਨੇ 'ਚ...

ਅੰਮ੍ਰਿਤ ਦਾ ਜਾਮ ਦੇ ਕੇ,
ਇਹਨੇਂ ਚਿੜੀਆਂ ਤੋਂ ਬਾਜ਼ ਤੁੜਵਾਉਣੇ।
ਸਵਾ ਲੱਖ ਨਾਲ ਇੱਕ-ਇੱਕ,
ਹੱਥ ਜੰਗ ਵਿੱਚ ਕਰੜੇ ਵਿਖਾਉਣੇ।
ਹਾਮੀ ਇਹ ਮਾਨੁਖਤਾ ਦਾ,
ਜਿਸ ਵੰਡਣੀ ਏ ਪੀੜ ਪਰਾਈ।
ਪਟਨੇ 'ਚ...

ਖੁਸ਼ੀਓ ਨੀ ਪਾਓ ਭੰਗੜਾ,
ਅਤੇ ਬੁਲਬੁਲੋ ਸ਼ੋਰ ਮਚਾਓ।
ਘਟਾ ਛਾਈ ਰਹਿਮਤਾਂ ਦੀ,
ਝੂਮੋ ਮਸਤੀ 'ਚ ਮੋਰੋ ਪੈਲ਼ਾਂ ਪਾਓ।
ਜੀਵਨ ਪੈਗ਼ਾਮ ਮਿਲਿਆ,
ਆਸ਼ਾ-ਕਿਰਨ 'ਪ੍ਰਵਾਨਾ' ਜਗਮਗਾਈ।
ਪਟਨੇ 'ਚ...
***



Sri Satguru Jagjit Singh Ji eLibrary NamdhariElibrary@gmail.com

## ਗੀਤ ਵਿਸਾਖੀ

ਆਈ ਵਿਸਾਖੀ ਅਰ ਰੂਹ ਹੈ ਪਿਆਸੀ,
ਤੂੰ ਜਾਮ ਮਿਲਾ ਮੋਹਿ ਸਾਕੀ।

ਬੇਖ਼ੁਦੀ ਦੀ ਤਦ ਮਸਤੀ 'ਚ ਝੂਮਾਂ,
ਮਖ਼ਮੂਰ ਹੋਕਰ ਇਬਾਦਤ ਚ ਝੂਮਾਂ।
ਮਰਨ ਦਾ ਡਰ ਗ਼ਮ ਦਿਲ 'ਚੋਂ ਮਿਟਾ ਦੇ,
ਜੀਵਨ ਸੰਵਾਰਾਂ ਇਹ ਖ਼ਾਕੀ।
ਜਾਮ ਪਿਲਾ...

ਕਲਗ਼ੀਧਰ ਦਸ਼ਮੇਸ਼ ਪਿਆਰੇ,
ਹਿੰਦ ਚਮਨ ਦੇ ਐ ਰਖਵਾਰੇ।
ਹਿੰਦੂ ਧਰਮ ਉੱਤੋਂ ਸਭ ਕੁਝ ਹੀ ਵਾਰਾਂ,
ਵਾਰਾਂ ਜਿਗਰ ਦੀ ਵੀ ਟਾਕੀ।
ਜਾਮ ਪਿਲਾ...

ਆ ਕੇ ਤੂੰ ਦੁਨੀਆਂ ਨੂੰ ਫਿਰ ਤੋਂ ਜਗਾਇਆ,
ਜਾਮ-ਸ਼ਹਾਦਤ ਦਾ ਭਰ-ਭਰ ਪਿਲਾਇਆ।
ਚਿੜੀਆਂ ਤੋਂ ਬਾਜ਼ਾਂ ਦੀ ਹਸਤੀ ਮਿਟਾ ਕੇ,
ਤੂੰ ਦੁਨੀਆਂ ਦੀ ਅਕਲ ਹੈਰਾਂ ਕੀ।
ਜਾਮ ਪਿਲਾ...

ਕੁਰਬਾਨੀ ਉਲਫ਼ਤ ਦਾ ਰੁਤਬਾ ਵਿਖਾਇਆ,
ਕਾਇਰਾਂ ਨੂੰ ਮਰਦਾਂ ਦਾ ਜੀਣਾ ਸਿਖਾਇਆ।
ਦੇਸ਼ ਪਿਆਰ ਦੀ 'ਪ੍ਰਵਾਨਾ' ਤੇਰੀ,
ਰਹੀ ਅਜਬ ਹੀ ਝਾਕੀ।
ਜਾਮ ਪਿਲਾ....



Sri Satguru Jagjit Singh Ji eLibrary NamdhariElibrary@gmail.com

ਵੈਸਾਖੀ ਵਾਲੇ ਹੀ ਦਿਨ ਫਿਰ ਚੀਨੀ ਵਾਲੇ,
ਅੰਮ੍ਰਿਤ ਛਕਾ ਸਿੰਘ ਕੀਤੇ ਮਤਵਾਲੇ।
ਦੇਸ਼ ਧਰਮ ਗਊ ਰੱਖਿਆ ਖ਼ਾਤਰ,
ਨਾ ਫਾਂਸੀ ਦੀ ਪ੍ਰਵਾਹ ਜਰਾ ਕੀ।
ਜਾਮ ਪਿਲਾ...

ਮਹਿਰਮ ਦਿਲਾਂ ਦਾ ਅੱਜ ਸਾਥੋਂ ਜੁਦਾ ਹੈ,
ਪਰ ਚੰਨ ਉਹਦੀ ਜੋਤੀ ਦਾ ਚਮਕ ਰਿਹਾ ਹੈ।
ਜਗਜੀਤ ਦੇ ਚਸ਼ਮਿ-ਦੀਦੇ 'ਚ ਡੂਬਾਂ,
ਇਹੋ ਆਰਜ਼ੂ ਹੈ ਜ਼ੁਬਾਂ ਕੀ।
ਜਾਮ ਪਿਲਾ...
***



Sri Satguru Jagjit Singh Ji eLibrary NamdhariElibrary@gmail.com

## ਪੋਹ ਸੁਦੀ ਸੱਤਵੀਂ ਲਈ...

ਜ਼ੁਲਮੀਂ ਲਾਟਾਂ ਜਦ ਅੰਬਰੀਂ ਛੂਹਣ ਲੱਗੀਆਂ,
ਧੌਲ ਧਰਮ ਤੇ ਜਿਮੀਂ ਅਸਮਾਨ ਕੰਬੇ।
ਕੰਬਿਆ ਦਿਲ ਹਿਮਾਲਾ ਅਡੋਲ ਸੀ ਜੋ,
ਸ਼ਾਂਤ ਸਾਗਰ ਤੇ ਮਨੋ-ਵਿਗਿਆਨ ਕੰਬੇ।
ਕੰਬੇ ਜੜ੍ਹ ਪ੍ਰਾਣੀ ਸ਼ੇਸ਼ ਨਾਗ ਕੰਬਿਆ,
ਸ਼ੁਭ ਗੁਣ ਤੇ ਕਰਮ ਗਿਆਨ ਕੰਬੇ।
ਰਤਾ ਦਿਲ ਨਾ ਕੰਬਿਆ ਜ਼ੁਲਮੀਆਂ ਦਾ,
ਰਾਮ ਰਹੀਮ ਤੇ ਵੇਦ ਕੁਰਾਨ ਕੰਬੇ।
ਪ੍ਰਭੂ-ਚਰਨਾਂ ਵਿੱਚ ਜੁੜੇ ਗੋਬਿੰਦ ਗੁਰ ਨੂੰ,
ਗ਼ੈਬੋਂ ਉੱਤੇ ਕੈਲਾਸ਼ ਐਲਾਨ ਹੋਇਆ।
ਜਾਓ ਧਰਤੀ ਤੇ ਧਰਮ ਵਰਤਾਓ ਜਾ ਕੇ,
ਸ਼ਾਹੀ ਹੁਕਮ ਅਕਾਲ ਫ਼ੁਰਮਾਨ ਹੋਇਆ।

ਆ ਕੇ ਪਟਨਿਉਂ ਜਦੋਂ ਪ੍ਰਕਾਸ਼ ਕੀਤਾ,
ਰੋਂਦੇ ਦਿਲ ਜੋ ਲਹੂ ਲੁਹਾਨ ਥੰਮ੍ਹ ਗਏ।
ਜਾਂਦੀ ਹਵਾ ਦੇ ਮੂੰਹੋਂ ਪੈਗ਼ਾਮ ਸੁਣ ਕੇ,
ਜ਼ਬਰ ਜ਼ੁਲਮ ਦੇ ਤੀਰ ਕਮਾਣ ਥੰਮ੍ਹ ਗਏ।
ਭਰਿਆ ਸੁੱਖ ਦਾ ਸਾਹ ਮਨੁੱਖਤਾ ਨੇ,
ਚੀਸਾਂ, ਆਹਾਂ ਦਰੜੀਂਦੇ ਅਰਮਾਨ ਥੰਮ੍ਹ ਗਏ।
ਜਿਵੇਂ ਜਨਕ ਦਾ ਪਾਵਨ ਦੀਦਾਰ ਕਰਕੇ,
ਨਰਕੀ ਜੀਵ ਸਨ ਰੋਣੋ ਕੁਰਲਾਣ ਥੰਮ੍ਹ ਗਏ।
ਰਾਖਾ ਧਰਮ ਦਾ ਜ਼ੁਲਮ ਸੰਗ ਵੈਰ ਇਸਨੂੰ,
ਜ਼ਾਤੀ ਕਿਸੇ ਸੰਗ ਨਫ਼ਾ ਨੁਕਸਾਨ ਕੋਈ ਨਹੀਂ।
ਇਹ ਤਾਂ ਨਾਨਕ ਦਾ ਸਾਂਝਾ ਹੈ ਦਰ ਸੱਚਾ,
ਇਹਦੀ ਨਿਗ੍ਹਾ ਵਿੱਚ ਫ਼ਰਕ ਇਨਸਾਨ ਕੋਈ ਨਹੀਂ।

ਚੰਨ ਗੁਜਰੀ ਦਾ ਬਿਲਕੁਲ ਚੰਨ ਵਾਂਗੂੰ,
ਚਾਨਣ ਵੰਡਿਆ ਅੱਕਿਆ ਥੱਕਿਆ ਨਾ।
ਕੌਮਾਂ ਦੋਹਾਂ ਤੋਂ ਤੀਜੀ ਈਜ਼ਾਦ ਕਰਨੀ,
ਮੌਤ ਸਾਹਵੇਂ ਵੀ ਝਿਜਕਿਆ ਝੱਕਿਆ ਨਾ।



Sri Satguru Jagjit Singh Ji eLibrary NamdhariElibrary@gmail.com

ਔਰੰਗਜ਼ੇਬ ਵੀ ਅੰਤ ਸੀ ਹਾਰ ਥੱਕਾ,
ਤੋਲਾ, ਛਿਨ, ਮਾਸਾ ਇਹ ਥਿੜਕਿਆ ਨਾ।
ਭੀਖਮ ਸ਼ਾਹ ਨੇ ਪਰਖ਼ਿਆ ਰੱਖ ਕੁੱਜੇ,
ਲੀਲਾ ਏਸ ਦੀ ਨੂੰ ਜਾਵੇ ਪਰਖਿਆ ਨਾ।
ਬੇਸ਼ੱਕ ਪਿਤਾ ਤੇ ਪੁੱਤ ਕੁਰਬਾਨ ਹੋ ਗਏ,
ਕਲਗੀ ਬਾਜ਼ ਘੋੜਾ ਰਿਹਾ ਸੰਗ ਕੋਈ ਨਾ।
ਦ੍ਰਿੜ-ਚਿੱਤ, ਅਡੋਲ ਨਾ ਰਤਾ ਝਵਿਆ,
ਪਿਆ ਇਹਦੇ ਇਰਾਦੇ ਵਿੱਚ ਗੰਘ ਕੋਈ ਨਾ।

ਸ਼ਰੇ-ਆਮ ਸਿਰ ਪੰਜਾਂ ਦੇ ਕਲਮ ਕਰਕੇ,
ਵੇਂਹਦੇ ਵੇਂਹਦਿਆਂ ਕਰ ਅਖ਼ੀਰ ਦਿੱਤੀ।
ਸਿਰ ਧੜ ਲੈ ਕੇ ਆਇਆ ਜੋ ਅੱਗੇ,
ਜੜ ਨਵੀਂ ਨਕੋਰ ਤਸਵੀਰ ਦਿੱਤੀ।
ਅਣਖ ਆਨ ਤੇ ਜਜ਼ਬੇ ਕੁਰਬਾਨੀਆਂ ਦੇ,
ਭਰਕੇ ਰੂਹਾਂ ਵਿੱਚ ਹੱਥ ਸ਼ਮਸ਼ੀਰ ਦਿੱਤੀ।
ਪੀ ਕੇ ਮੌਤ ਨੂੰ ਸਿੰਘ ਮਜ਼ਾਕ ਕਰਦੇ,
ਐਸੀ ਅੰਮ੍ਰਿਤ ਵਿੱਚ ਭਰ ਤਾਸੀਰ ਦਿੱਤੀ।
ਚਿੜੀਆਂ ਕੋਲੋਂ ਤੁੜਵਾਏ ਸਨ ਬਾਜ਼ ਜਿਸਨੇ,
ਸਵਾ ਲੱਖ ਨੂੰ ਇੱਕ ਵੰਗਾਰਦਾ ਰਿਹਾ।
ਦੁਖੀ, ਆਜਿਜ਼, ਮਜ਼ਲੂਮਾਂ ਨਿਤਾਣਿਆਂ ਨੂੰ,
ਬਖ਼ਸ਼ ਰਹਿਮਤਾਂ ਦਿਲੋਂ ਪਿਆਰਦਾ ਰਿਹਾ।

ਉਹਦੇ ਜੀਵਨ ਇਤਿਹਾਸ ਨੂੰ ਛੇੜਿਆਂ ਹੀ,
ਹੰਝੂ ਆਪ ਮੁਹਾਰੇ ਨੇ ਡੁੱਲ੍ਹ ਆਉਂਦੇ।
ਜਿਹੜੇ ਗੜ੍ਹੀ ਚਮਕੌਰ ਵਿੱਚ ਹੋਏ ਟੋਟੇ,
ਰਾਜ਼ ਉਹਨਾਂ ਸ਼ਹੀਦਾਂ ਦੇ ਖੁੱਲ੍ਹ ਆਉਂਦੇ।
ਮੁਕਤਸਰ ਦੀ ਢਾਬ ਸਰਹੰਦ ਬੋਲੇ,
ਸੀਸ ਦੇਣ ਜੋ ਪਿਆਰ ਦਾ ਮੁੱਲ ਪਾਉਂਦੇ।
ਪੁਤਲੇ ਮਿੱਟੀ ਦੇ ਪਾਰਸ ਦੀ ਡਲੀ ਬਣਦੇ,
ਉਹਦੇ ਦਰ ਤੇ ਜੋ ਰੁਲ਼ ਖੁਲ ਆਉਂਦੇ।



Sri Satguru Jagjit Singh Ji eLibrary NamdhariElibrary@gmail.com

ਪੋਹ-ਸੁਦੀ 'ਪ੍ਰਵਾਨਾ' ਅੱਜ ਸੱਤਵੀਂ ਇਹ,
ਜੀਵਨ-ਨ੍ਹੇਰ ਅੰਦਰ ਰਹਿਨੁਮਾਈ ਹੋਵੇ।
ਕਲਗੀ ਵਾਲੇ ਦੇ ਅੱਜ ਪ੍ਰਕਾਸ਼ ਦਿਨ ਤੇ,
ਕੁੱਲ ਵਿਸ਼ਵ ਨੂੰ ਮੇਰੀ ਵਧਾਈ ਹੋਵੇ।
***



Sri Satguru Jagjit Singh Ji eLibrary NamdhariElibrary@gmail.com

## ਮਲੇਰਕੋਟਲੇ ਦੇ ਸ਼ਹੀਦਾਂ ਦੀ

ਆਸ਼ਕ-ਵਤਨ ਵਣਜਾਰੇ ਸ਼ਹਾਦਤਾਂ ਦੇ,
ਖ਼ੂਨੀ ਜ਼ੁਲਮ ਦਾ ਖਾਕਾ ਮਿਟਾਣ ਤੁਰ ਪਏ।
ਸੀਸ ਤਲੀ ਤੇ ਰੱਖ ਨਾ ਖ਼ੌਫ਼ ਦਿਲ ਵਿੱਚ,
ਕਰਨ ਔਕੜਾਂ ਨਾਲ ਘਮਸਾਨ ਤੁਰ ਪਏ।
ਚੀਨੀ ਵਾਲੇ ਦੀ ਓਟ ਲੈ ਦਿਲਾਂ ਅੰਦਰ,
ਮੱਥਾ ਨਾਲ ਪਹਾੜ ਦੇ ਲਾਣ ਤੁਰ ਪਏ।
ਦੁਖੀ ਗਊ ਗਰੀਬ ਮਜ਼ਲੂਮ ਖ਼ਾਤਰ,
ਆਪਾ ਵਤਨ ਦੀ ਭੇਟ ਚੜ੍ਹਾਨ ਤੁਰ ਪਏ।
ਅਣਖ਼ੀ, ਬੀਰ ਬਹਾਦਰ ਉਹ ਸੰਤ ਕੂਕੇ,
ਚੀਨੀ ਵਾਲੇ ਦੀ ਜਾਈ ਸੰਤਾਨ ਤੁਰ ਪਏ।
ਜਿਹਨੂੰ ਵੇਖ ਜ਼ਮਾਨਾ ਸੀ ਦੰਗ ਹੋਇਆ,
ਜਵਾਂ ਮਰਦ ਉਹ ਤਾਣ ਕਮਾਨ ਤੁਰ ਪਏ।

ਚੜ੍ਹਤਲ ਜਿੰਨਾਂ ਦੀ ਵੇਖ ਪਹਾੜ ਡੋਲ੍ਹੇ,
ਹਾਕਮ ਗੋਰੇ ਦੀ ਗੱਦੀ ਵੀ ਡੋਲ ਉੱਠੀ।
ਚੱਲਣ ਦੇਣੇ ਨਹੀਂ ਚੰਮ ਦੇ ਹੋਰ ਦੰਮ ਹੁਣ,
ਰੂਹ ਉਹਨਾਂ ਦੇ ਅੰਦਰੋਂ ਬੋਲ ਉੱਠੀ।
ਸੁੱਤੇ ਸਦੀਆਂ ਤੋਂ ਸ਼ੇਰ ਹੁਣ ਜਾਗ ਉੱਠੇ,
ਅਣਖ ਆਬਰੂ ਅੰਦਰੋਂ ਖ਼ੌਲ ਉੱਠੀ।
ਰਾਖੇ ਹੱਕਾਂ ਦੇ ਹਾਮੀ ਮਨੁੱਖਤਾ ਦੇ,
ਜਾਗ ਪਏ ਸ਼ਕਤੀ ਕਰਕੇ ਘੋਲ ਉੱਠੀ।
ਗੋਰੇ ਖੋਹਲ ਬੁੱਚੜਖਾਨੇ ਥਾਂ ਥਾਂ ਤੇ,
ਹੱਦ ਜ਼ੁਲਮ ਦੀ ਉੱਕਾ ਮੁਕਾ ਦਿੱਤੀ।
ਗੁਰਮੁਖ ਸਿੰਘ ਦੀ ਸੁਣ ਫਰਿਆਦ ਸਿੰਘਾਂ,
ਜਾਨ ਤਲੀ ਦੇ ਉੱਤੇ ਟਿਕਾ ਦਿੱਤੀ।

ਤੇਰ੍ਹਾਂ (13) ਜਨਵਰੀ ਨੂੰ ਸਰਫ਼ਰੋਸ਼ੀਆਂ ਨੇ,
ਭੈਣੀ ਵਿੱਚੋਂ ਜੈਕਾਰੇ ਗਜਾ ਦਿੱਤੇ।
ਜਥੇਬੰਦ ਲੱਗਭੱਗ ਡੇਢ ਸੌ (150) ਸਿੰਘਾਂ,
ਵੱਲ ਕੋਟਲੇ ਦੇ ਚਾਲੇ ਪਾ ਦਿੱਤੇ।



Sri Satguru Jagjit Singh Ji eLibrary NamdhariElibrary@gmail.com

ਹੱਲਾ ਬੋਲ ਮਲੌਦ ਤੇ ਬਦਨ ਸਿੰਘ ਨੂੰ,
ਪਹਿਲੋਂ ਹੱਥ ਕਰਾਰੇ ਵਿਖਾ ਦਿੱਤੇ।
ਦੂਜੇ ਭਲਕ ਹੀ ਪਹੁੰਚ ਕੇ ਕੋਟਲੇ ਵਿੱਚ,
ਕੋਤਵਾਲ ਬੁੱਚੜ ਕਈ ਉਡਾ ਦਿੱਤੇ।
ਉੱਤਮ ਸਿੰਘ ਨੂੰ ਨਾਲ ਲੈ ਸ਼ੇਰਪੁਰ ਵਿੱਚ,
ਜਾ ਕੇ ਖ਼ੁਦ ਫਿਰ ਨਾਮ ਲਿਖਵਾ ਦਿੱਤੇ।
ਕਰਕੇ ਜ਼ੁਲਮ ਇਕਬਾਲ ਤੇ ਖਿੜੇ ਮੱਥੇ,
ਨੌਂਵੇਂ ਗੁਰੂ ਦੇ ਹੁਕਮ ਬਜਾ ਦਿੱਤੇ।

ਭਾਂਬੜ ਧੁਖਦਾ-ਧੁੱਖਦਾ ਮੱਚ ਉੱਠਿਆ,
ਚੀਨੀ ਵਾਲੇ ਦਾ ਮਿਸ਼ਨ ਪ੍ਰਚਾਰ ਵਧਿਆ।
ਵਧਿਆ ਡਰ ਦੂਣਾ ਹਾਕਮ ਦਿਲਾਂ ਅੰਦਰ,
ਤਾਂ ਹੀ ਕਾਵਨ ਲੈ ਖ਼ੂਨੀ ਵੰਗਾਰ ਵਧਿਆ।
ਨਾਭੇ ਜੀਂਦ ਪਟਿਆਲੇ ਦੇ ਝੋਲ਼ੀ-ਚੁੱਕਾਂ,
ਨਾਲ ਗੁੰਦ ਗੋਂਦਾਂ ਬੇ-ਮੁਰਾਰ ਵਧਿਆ।
ਛਿੱਕੇ ਟੰਗ ਕਾਨੂੰਨ ਦੇ ਹੱਕ ਸਾਰੇ,
ਵੈਰੀ ਦੀਨ ਦਾ ਮਾਰ ਫੁੰਕਾਰ ਵਧਿਆ।
ਬੀੜ ਨੌਂ ਤੋਪਾਂ ਰੱਕੜ ਕੋਟਲੇ ਵਿੱਚ,
ਕੱਠਾ ਕਰ ਹਜ਼ੂਮ ਨੂੰ ਕਹਿਣ ਲੱਗਾ।
ਜਿਹੜਾ ਰਤਾ ਆਜ਼ਾਦੀ ਲਈ ਸਿਰ ਚੁੱਕੂ,
ਸਿਰ ਉਹਦਾ ਨਹੀਂ ਧੜ ਤੇ ਰਹਿਣ ਲੱਗਾ।

ਵਾਰੋ ਵਾਰੀ ਇਸ਼ਨਾਨ ਅਰਦਾਸ ਕਰਕੇ,
ਕੂਕੇ ਧਰਮ ਲਈ ਹੋਣ ਕੁਰਬਾਨ ਆ ਗਏ।
ਮਾਰ-ਮਾਰ ਛਾਲਾਂ ਹੁੰਦੇ ਤੋਪਾਂ ਸਾਹਵੇਂ,
ਲਾੜੀ ਮੌਤ ਨੂੰ ਜਿਵੇਂ ਪ੍ਰਨਾਣ ਆ ਗਏ।
ਸ਼ਮ੍ਹਾਂ ਧਰਮ ਤੋਂ ਵਾਂਗ ਪ੍ਰਵਾਨਿਆਂ ਦੇ,
ਲੱਭਣ ਜ਼ਿੰਦਗੀ ਕੌਮ ਦੀ ਸ਼ਾਨ ਆ ਗਏ।
ਫੀਮਾਂ ਜੋੜ ਵਰਿਆਮ ਲਲਕਾਰਿਆ ਸੀ,
ਵੇਖ ਬਿੱਲਿਆ ਠੀਕ ਨਿਸ਼ਾਨ ਆ ਗਏ।



Sri Satguru Jagjit Singh Ji eLibrary NamdhariElibrary@gmail.com

ਫੜ ਕੇ ਦਾੜੀਓਂ ਬਿਸ਼ਨ ਨੇ ਝਟਕਿਆ ਜਾਂ,
ਮਾਨੋ ਕਾਵਨ ਦੇ ਬਾਹਰ ਪ੍ਰਾਣ ਆ ਗਏ।
ਹੁੰਦੇ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ,
ਕਹਿਣ ਕਿੱਥੋਂ ਇਹ ਸਿੰਘ ਬਲਵਾਨ ਆ ਗਏ।
***



Sri Satguru Jagjit Singh Ji eLibrary NamdhariElibrary@gmail.com

## ਬਸੰਤ

ਜਿਸਦੀ ਆਮਦੋਂ ਜਗਤ ਵਿੱਚ ਆਏ ਖੇੜਾ,
ਰੁੱਤਾਂ ਵਿੱਚੋਂ ਬਸੰਤ ਬਹਾਰ ਸੋਹਣੀ।

ਪੱਤੇ ਫੁੱਲ ਕਰੂੰਬਲਾਂ ਮਹਿਕ ਉੱਠਣ,
ਚਹਿਕਣ ਬੁਲਬੁਲਾਂ ਵਿੱਚ ਗੁਫ਼ਤਾਰ ਸੋਹਣੀ।

ਜਿੱਧਰ-ਜਿੱਧਰ ਵੀ ਨਜ਼ਰ ਦੁੜਾਂ ਤੱਕਾਂ,
ਦਿੱਸੇ ਉੱਧਰ ਹੀ ਨਵੀਂ ਨੁਹਾਰ ਸੋਹਣੀ।

ਰੋਗ ਸੋਗ ਸਭ ਦਿਲਾਂ ਤੋਂ ਗਏ ਚੁੱਕੇ,
ਛਿੜਕੀ ਗਈ ਏ ਪ੍ਰੀਤ ਫ਼ੁਹਾਰ ਸੋਹਣੀ।

ਕੱਕਰ-ਪੋਹ ਨਾ ਹਾੜ੍ਹ ਦੀ ਲੂ ਲੂਹੇ,
ਮੌਸਮ ਖੁਸ਼ਗਵਾਰ ਸੁਹਾਵਣਾ ਏ।

ਖਿਜ਼ਾਂ ਗਈ ਏ ਪੱਤਰਾ ਵਾਚ ਕਿਧਰੇ,
ਜਾਗੀ ਪ੍ਰੀਤ ਮਲਾਰਾਂ ਦੀ ਭਾਵਨਾ ਏ।
***



Sri Satguru Jagjit Singh Ji eLibrary NamdhariElibrary@gmail.com

## ਗੀਤ ਬਿਰਹੋਂ ਦਾ

ਬ੍ਰਿਹੋਂ ਸਾੜਿਆ
ਸੀਨਾ ਆ ਕੇ ਵੇਖ ਜਰਾ,
ਹਾਇ ਵੇ ਆ ਕੇ ਵੇਖ ਜਰਾ।
ਵੇ ਆ ਕੇ ਵੇਖ ਜਰਾ,
ਹਾਇ ਵੇ ਆ ਕੇ ਵੇਖ ਜਰਾ।

ਚਿੰਤਾ ਚਿਖਾ ਜਿਗ਼ਰ ਵਿੱਚ ਬਲਦੀ,
ਮਘਦਾ ਬਿਰਹੋਂ ਦਾ ਤੰਦੂਰ
ਆਸਾਂ ਫੁੱਲ ਕਲੀਆਂ ਮੁਰਝਾਈਆਂ,
ਦਿਲ ਗੁਲਸ਼ਨ ਹੋਇਆ ਬੇਨੂਰ।
ਵੱਜਦੀ ਬਿਰਹਾਂ ਬੀਨਾਂ ਆ ਕੇ ਵੇਖ ਜਰਾ।
ਹਾਇ ਵੇ...

ਬਿਰਹੋਂ ਭੁਯੰਗਮ ਮਨ ਵਿੱਚ ਵੱਸੇ,
ਮਾਰੇ ਜ਼ਹਿਰੀਲੇ ਫੁੰਕਾਰੇ,
ਗਰੁੜ ਸ਼ਬਦ ਅਨੇਕਾਂ ਮੰਤਰ,
ਪੜ੍ਹ-ਪੜ੍ਹ ਕੇ ਵੀ ਬੜੇ ਹਾਂ ਹਾਰੇ,
ਰੰਗ ਹੋਯਾ ਜ਼ਰਦ ਪੁਦੀਨਾ, ਆ ਕੇ ਵੇਖ ਜਰਾ।
ਹਾਇ ਵੇ...

ਆਪ ਪਿਆਸੀ ਫਿਰਾਂ ਭਟਕਦੀ,
ਕਿਤੇ ਨਾ ਮਿਲਦੀ ਢੋਈ ਵੇ,
ਜਿੰਦ ਨਿਮਾਣੀ ਰੂਹ ਵਿਲਕਦੀ,
ਨਾ ਜੀਂਦੀ ਨਾ ਮੋਈ ਵੇ,
ਦਿਲ ਜੜਿਆ ਯਾਦ ਨਗੀਨਾ, ਆ ਕੇ ਵੇਖ ਜਰਾ।
ਹਾਇ ਵੇ...

ਤਖ਼ਤਿ ਤਾਜ ਜਿਗ਼ਰ ਦਾ ਤੂੰ ਹੀਂ,
ਸੱਚੇ ਮੇਰੇ ਹਰਦਮ ਸਾਈਆਂ,
ਸ੍ਵਾਂਤੀ ਬੂੰਦਾਂ ਅੰਬਰੋਂ ਵਰਸਣ,



Sri Satguru Jagjit Singh Ji eLibrary NamdhariElibrary@gmail.com

ਸਾਂਈਆਂ ਬਾਝੋਂ ਸੌਣ ਤਿਹਾਈਆਂ,
ਤੜਫ਼ੇ ਜਲ ਬਿਨ ਮੀਨਾ, ਆ ਕੇ ਵੇਖ ਜਰਾ।
ਹਾਇ ਵੇ...

ਦੂਤੀ ਲਾਵਣ ਲੂਤੀਆਂ ਹਰਦਮ,
ਕਦਮ ਕਦਮ ਤੇ ਮਿਲਦੇ ਤਾਨ੍ਹੇ,
ਖ਼ਬਰ ਸੁਰਤ ਮੁੜ ਲਈ ਨਾ ਆ ਕੇ,
ਭੁੱਲ ਗਿਉਂ ਸਭ ਪ੍ਰੀਤ ਫ਼ਸਾਨੇ,
ਬਿਨ ਮਾਹੀਓਂ ਕਾਹਦਾ ਜੀਣਾ, ਆ ਕੇ ਵੇਖ ਜਰਾ।
ਹਾਇ ਵੇ...

ਆਇਓਂ ਆਪ ਨਾ ਤੇਰੇ ਵੱਲੋਂ,
ਮਾਹੀਆ ਕੋਈ ਪੈਗ਼ਾਮ ਹੀ ਆਇਆ,
ਮੂੰਹੋਂ ਮੰਗੀ ਮੌਤ ਮਿਲੀ ਨਾ,
ਦਿਲ ਨੂੰ ਚੈਨ ਆਰਾਮ ਨਾ ਆਇਆ,
ਕਹੇ 'ਪ੍ਰਵਾਨਾ' ਮੰਨ ਮਸਕੀਨਾਂ, ਆ ਕੇ ਵੇਖ ਜਰਾ।
ਹਾਇ ਵੇ...
***



Sri Satguru Jagjit Singh Ji eLibrary NamdhariElibrary@gmail.com

## ਗੀਤ ਬਿਰਹੋਂ...

ਕੂਕ ਕੂਕ ਕੋਇਲ ਕਾਹਨੂੰ ਦਿਲ ਤੜਪਾਨੀ ਏਂ।
ਸੀਨੇ ਅੱਗ ਲੱਗੀ ਮਾਰ ਫ਼ੂਕਾਂ ਭੜਕਾਨੀ ਏਂ।

ਸੱਚੀ ਏਂ ਤੂੰ ਰੁੱਤ ਆਈ ਤੇਰੇ ਲਈ ਬਹਾਰਾਂ ਦੀ,
ਸਾਰ ਕੀ ਤੂੰ ਜਾਣੇ ਇਹਨਾਂ ਚਿਰ ਦੇ ਬੀਮਾਰਾਂ ਦੀ,
ਤੂੰ ਤਾਂ ਰੰਗ ਆਪਣੇ 'ਚ ਰਲ਼ੀਆਂ ਮਨਾਨੀ ਏਂ, ਸੀਨੇ...

ਖੰਭਾਂ ਨਾਲ ਨਿੱਤ ਇਹ ਆਕਾਸ਼ ਤੈਥੋਂ ਗਾਹੀ ਦਾ,
ਦੱਸ ਖਾਂ ਲਿਆਂਦਾ ਈ ਸੁਨੇਹਾ ਕਦੇ ਮਾਹੀ ਦਾ,
ਉੱਤੋਂ ਸਗੋਂ ਮੱਚਦੀ ਤੇ ਤੇਲ ਪਈ ਪਾਨੀ ਏਂ, ਸੀਨੇ...

ਬਣੀਆਂ ਹੀ ਰਹਿਣ ਅੱਗੇ ਅੱਖਾਂ ਬਰਸਾਤਾਂ ਨੇ,
ਸੂਲ਼ੀ ਉੱਤੇ ਟੰਗੀ ਦੀਆਂ ਲੰਘਦੀਆਂ ਰਾਤਾਂ ਨੇ,
ਦੁਖੀਆਂ ਨੂੰ ਵੇਖ ਕਾਹਨੂੰ ਖਿੱਲੀਆਂ ਮਚਾਨੀ ਏਂ, ਸੀਨੇ...

ਕਾਹਦੀ ਏ ਬਸੰਤ ਕੰਤ ਬੈਠੇ ਪ੍ਰਦੇਸ ਨੇ,
ਜੋਗਨਾ ਦਾ ਭੇਸ ਰਹਿੰਦੇ ਖੁੱਲ੍ਹੇ ਗਲ਼ ਕੇਸ ਨੇ,
ਦੱਸੀਂ ਸਾਡਾ ਹਾਲ ਉਹਨੂੰ ਕਰੀ ਮਿਹਰਬਾਨੀ ਏਂ, ਸੀਨੇ...

ਸਿੱਕ ਉਹਦੇ ਦੀਦ ਵਾਲੀ ਲੱਗੀ ਰਹਿੰਦੀ ਨਿੱਤ ਨੀ,
ਬੁੱਤ ਰੁਲੇ ਏਥੇ ਰਹਿੰਦਾ ਮਾਹੀ ਕੋਲ ਚਿੱਤ ਨੀ,
ਰਾਮ ਦੇ ਵਿਯੋਗੀਆਂ ਨੂੰ ਹੋਰ ਕਿਉਂ ਜਲਾਨੀ ਏਂ, ਸੀਨੇ...

ਗ਼ਮਾਂ ਦੀ ਭਿਆਲ ਬਣ ਅੜੀਏ ਰੁਲਾ ਨਾ,
ਦੱਬੀਆਂ ਦੇ ਰਹਿਣ ਕਲਾ ਸੁੱਤੀਆਂ ਜਗਾ ਨਾ,
ਕਹੇ 'ਪ੍ਰਵਾਨਾ' ਕਾਹਨੂੰ ਤੱਤੀਏ ਸਤਾਨੀ ਏਂ, ਸੀਨੇ...

***



Sri Satguru Jagjit Singh Ji eLibrary NamdhariElibrary@gmail.com

# ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ

ਚੀਨੀ ਵਾਲੇ ਨੇ ਦਿੱਤੀ ਜੋ ਦੇਣ ਹਿੰਦ ਨੂੰ,
ਵਾਸੀ ਹਿੰਦ ਦਾ ਦਿਲੋਂ ਭੁਲਾਏ ਕੀਕਰ।
ਦਿੱਸਣ ਉਹਦੀ ਕੁਰਬਾਨੀ ਦੇ ਕਾਰਨਾਮੇ,
ਸਾਫ਼ ਉਨ੍ਹਾਂ ਤੋਂ ਮੁਨਕਰ ਹੋ ਜਾਏ ਕੀਕਰ।
ਫ਼ਨੀਅਰ ਨਾਗ ਗੋਰੇ ਸਿਰੀਂ ਪੈਰ ਧਰ ਕੇ,
ਸੁੱਤੀ ਕੌਮ ਨੂੰ ਕੋਈ ਜਗਾਏ ਕੀਕਰ।
ਘਰ ਬਾਰ ਤੇ ਸੁੱਖ ਆਰਾਮ ਛੱਡ ਕੇ,
ਵਾਂਗ ਰਾਮ ਪ੍ਰਦੇਸ ਸਿਧਾਏ ਕੀਕਰ।
ਮੁਰਦਾ ਰੂਹਾਂ ਨੂੰ ਮਰਦ ਅਗੰਮੜੇ ਬਿਨ,
ਚਾੜ੍ਹ ਤੇਗ ਦੀ ਧਾਰ ਅਜ਼ਮਾਏ ਕੀਕਰ।
ਰਾਮ ਆਇਆ ਮਜ਼ਲੂਮਾਂ ਦਾ ਬਣ ਦਰਦੀ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।

ਧਰਮ, ਕਰਮ ਤੇ ਅਣਖ, ਇਨਸਾਫ਼ ਸੱਭੇ,
ਉੱਡੇ ਰੂਹਾਂ 'ਚੋਂ ਜਿਸਮ ਪਥਰਾਏ ਕੀਕਰ।
ਸਿੱਖੀ ਉੱਡੀ ਤੇ ਖਾਲੀ ਕਲਬੂਤ ਰਹਿ ਗਏ,
ਸਿੱਖਾਂ ਸਿੱਖੀ ਦੇ ਧਜੀਏ ਉਡਾਏ ਕੀਕਰ।
ਦਾੜ੍ਹੀ, ਮੁੱਛਾਂ ਤੇ ਕੇਸਾਂ ਨੂੰ ਰਗੜ ਮੁੱਢੋਂ,
ਫ਼ੈਸ਼ਨ ਹਿੱਪੀਆਂ ਵਾਂਗ ਬਣਾਏ ਕੀਕਰ।
ਮਦਰਾ, ਮਾਸ, ਤੰਬਾਕੂ ਤੇ ਪਾਨ ਬੀੜੀ,
ਬਣੇ ਸਿੱਖਾਂ ਦੇ ਸ਼ੌਂਕ ਹਟਾਏ ਕੀਕਰ।
ਨਵੇਂ ਸਿਰਿਓਂ ਦਸ਼ਮੇਸ਼ ਦੀ ਸਾਜ ਸਿੱਖੀ,
ਫੇਰ ਚਿੜੀਆਂ ਤੋਂ ਬਾਜ਼ ਤੁੜਵਾਏ ਕੀਕਰ।
ਗੋਰੇ ਸ਼ਾਹੀ ਦਾ ਤਖ਼ਤ ਉਲਟਾ ਦਿੱਤਾ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।

ਚੀਨੀ ਵਾਲੇ ਆਜ਼ਾਦੀ ਦਾ ਮੁੱਢ ਬੰਨ੍ਹ ਕੇ,
ਸੁੱਤੀ ਕੌਮ ਦੇ ਭਾਗ ਜਗਾਏ ਕੀਕਰ।
ਚਿੜੀ ਫ਼ਟਕਣ ਤੇ ਜੋ ਸਨ ਦਬਕ ਜਾਂਦੇ,
ਸਾਹਵੇਂ ਗੋਰਿਆਂ ਦੇ ਉਭਰ ਆਏ ਕੀਕਰ।



Sri Satguru Jagjit Singh Ji eLibrary NamdhariElibrary@gmail.com

ਆਇਆ ਜੋਸ਼ ਕਿੱਥੋਂ ਇਹਨਾਂ ਕੂਕਿਆਂ ਵਿੱਚ,
ਵੇਖ ਮੌਤ ਵੀ ਪਈ ਸ਼ਰਮਾਏ ਕੀਕਰ।
ਫੜ ਕੇ ਕਾਵਨ ਨੂੰ ਦਾੜ੍ਹੀ ਤੋਂ ਦੱਸ ਦਿੱਤਾ,
ਹਾਂ ਸ਼ੇਰਾਂ ਦੇ ਜ਼ਾਲਮਾਂ ਜਾਏ ਕੀਕਰ।
ਕੀਤਾ ਟੋਟਲ ਬਾਈਕਾਟ ਅੰਗਰੇਜ਼ ਵਾਲਾ,
ਨਾ ਮਿਲਵਰਤਨ ਅੰਦੋਲਨ ਚਲਾਏ ਕੀਕਰ।
ਵੇਖ ਨੀਤੀ ਨੂੰ ਗੋਰਾ ਹੈਰਾਨ ਹੋਇਆ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।

ਜੱਸਾ ਸਿੰਘ ਦੀ ਕੁੱਲ ਨੂੰ ਭਾਗ ਲੱਗਾ,
ਸਦਾ ਕੌਰ ਦੇ ਭਾਗ ਵਡਿਆਏ ਕੀਕਰ।
ਹਰੀਆਂ ਮਖ਼ਮਲੀ ਧਰਤੀ ਦੀ ਹਿੱਕ ਉੱਤੇ,
ਆਣ ਵਿਛੀਆਂ ਜੋਬਨ ਨਸ਼ਿਆਏ ਕੀਕਰ।
ਹੁਸਨ ਮਹਿਫ਼ਲਾਂ ਲੱਗੀਆਂ ਚਵ੍ਹੀਂ ਪਾਸੀਂ,
ਗੀਤ ਖੁਸ਼ੀਆਂ ਦੇ ਕੁਦਰਤ ਅਲਾਏ ਕੀਕਰ।
ਕਰਕੇ ਸੋਲਾਂ ਸ਼ਿੰਗਾਰ ਬਸੰਤ ਰਾਣੀ,
ਆਣ ਕੰਤ ਦੇ ਰਾਹ ਰੁਸ਼ਨਾਏ ਕੀਕਰ।
ਜਾਇਜ਼ਾ ਲੈ ਮਾਹੌਲ ਨੂੰ ਸੂਤ ਕੀਤਾ,
ਇੱਕ ਮੁੱਠ ਕਰ ਲੋਕ ਵਖਾਏ ਕੀਕਰ।
ਵੇਖ ਏਕਤਾ ਗੋਰੇ ਨੂੰ ਪਈ ਭਾਜੜ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।

ਦਾਤਾ ਆ ਅੱਜ ਸਮੇਂ ਦੀ ਲੋੜ ਡਾਢੀ,
ਲੋਕਾਂ ਦਿਲੋਂ ਫ਼ੁਰਮਾਨ ਭੁਲਾਏ ਕੀਕਰ।
ਥਾਂ ਥਾਂ ਵਹਿਸ਼ੀਅਤ ਆਣ ਖਰੂਦ ਪਾਏ,
ਦਿਲੋਂ ਸਾਂਝਾਂ ਦੇ ਹੋਏ ਸਫ਼ਾਏ ਕੀਕਰ।
ਹਿੰਦੂ-ਸਿੱਖ ਭਰਾ ਇੱਕ ਮਾਂ ਜਾਏ,
ਫ਼ਿਰਨ ਖ਼ੂਨ ਦੇ ਮਾਨੋ ਤ੍ਰਿਹਾਏ ਕੀਕਰ।
ਇੱਕੋ ਕੁਰਸੀ ਦਾ ਮੁੱਖ ਸਵਾਲ ਬਣਿਆ,
ਚਾਹੇ ਦੇਸ਼ ਰਸਾਤਲ ਵਿੱਚ ਜਾਏ ਕੀਕਰ।



Sri Satguru Jagjit Singh Ji eLibrary NamdhariElibrary@gmail.com

ਹੁਣ ਤਾਂ ਜ਼ੁਲਮੋਂ ਤਸ਼ੱਦਦ ਦੀ ਹੱਦ ਹੋ ਗਈ,
ਹੱਥੀਂ ਆਪਣੇ ਆਪ ਕੁਹਾਏ ਕੀਕਰ।
ਸਾਹਵੇਂ ਹੈ ਇਤਿਹਾਸ ਪ੍ਰਤੱਖ ਫਿਰ ਵੀ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।

ਹੋਵਣ ਗ਼ੈਰਤਾਂ ਲਾਹ ਕੇ ਘਾਣ ਕਰੀਏ,
ਖੱਲ ਵੀਰਾਂ ਦੀ ਵੀਰ ਲੁਹਾਏ ਕੀਕਰ।
ਇੱਕੋ ਜੂਝਦਾ ਸੀ ਸਵਾ ਲੱਖ ਅੱਗੇ,
ਹੁਣ ਮਾਂ ਦੀ ਰੱਤੂ ਕੋਈ ਨਹਾਏ ਕੀਕਰ।
ਕੰਬਣ ਨਲੂਏ ਦੇ ਨਾਉਂ ਪਠਾਣ ਅੱਜ ਤੱਕ,
ਜਿਗ਼ਰ ਆਪਣਾ ਫੋਲ ਵਿਖਾਏ ਕੀਕਰ।
ਅਸੀਂ ਗ਼ੈਰਾਂ ਦੀ ਪੱਤ ਬਚਾਉਣ ਵਾਲੇ,
ਬਹੂ, ਬੇਟੀ ਦੀ ਪੱਤ ਫਿਰ ਲਾਹੇ ਕੀਕਰ।
ਭੁੱਲਾ ਨਹੀਂ ਜੇ ਸ਼ਾਮੀਂ ਆ ਘਰ ਜਾਵੇ,
ਕੋਈ ਬਣਿਆ ਅਖਾਣ ਝੁਠਲਾਏ ਕੀਕਰ।
ਸ਼ਮ੍ਹਾ ਪਿਆਰ 'ਪ੍ਰਵਾਨਾ' ਰਹੇ ਸਦਾ ਜਗਦੀ,
ਹਿੰਦੁਸਤਾਨ ਅਹਿਸਾਨ ਭੁਲਾਏ ਕੀਕਰ।
***



Sri Satguru Jagjit Singh Ji eLibrary NamdhariElibrary@gmail.com

## ਭਾਗਾਂ ਭਰੀ ਬਸੰਤ ਬਹਾਰ ਆਈ

ਲੈ ਕੇ ਖੇੜਾ ਅਕਾਸ਼ੋਂ ਬਸੰਤ ਰਾਣੀ,
ਪਹਿਨ ਸਾੜ੍ਹੀ ਬਸੰਤੀ ਮੁਟਿਆਰ ਆਈ।
ਸੁਹਜ ਸੁੰਦਰਤਾ ਮਹਿਕ ਮੁਹੱਬਤਾਂ ਦੀ,
ਵੰਡਣ ਜੱਗ ਨੂੰ ਖੋਲ੍ਹ ਭੰਡਾਰ ਆਈ।
ਰੁੰਡ ਮੁੰਡ ਹੋਏ ਬ੍ਰਿਛ ਬੂਟਿਆਂ ਨੂੰ,
ਦੇਣ ਹੁਸਨ ਅਨੋਖੀ ਮਹਿਕਾਰ ਆਈ।
ਬਾਗਾਂ ਜਿਹੜਿਆਂ 'ਚ ਉੱਲੂ ਬੋਲਦੇ ਸੀ,
ਗੁਲਸ਼ਨ ਕਰਨ ਆਬਾਦ ਗੁਲਜ਼ਾਰ ਆਈ।
ਚਾਰ ਚੰਨ ਬਸੰਤ ਨੂੰ ਲਾਉਣ ਖ਼ਾਤਰ,
ਰੱਬੀ ਜੋਤ ਅਰਸ਼ੋਂ ਅਲੋਕਾਰ ਆਈ।
ਵੰਡਣ ਰਹਿਮਤਾਂ ਬਰਕਤਾਂ ਨੂਰ ਚਾਨਣ,
ਭਾਗਾਂ ਭਰੀ ਬਸੰਤ ਬਹਾਰ ਆਈ।

ਲਾਲੀ ਫੁੱਲਾਂ ਦੇ ਮੂੰਹਾਂ 'ਤੇ ਚੜ੍ਹੀ ਗਿੱਠ-ਗਿੱਠ,
ਜਾਮੇਂ ਵਿੱਚ ਨਾ ਕਲੀਆਂ ਸਮਾਂਦੀਆਂ ਨੇ।
ਹਰੀਆਂ ਪੱਤੀਆਂ ਤੇ ਨਾਜ਼ੁਕ ਸੋਹਲ ਲਗਰਾਂ,
ਪਈਆਂ ਇਸ਼ਕ ਪੇਚੇ ਗੂੜ੍ਹੇ ਪਾਂਦੀਆਂ ਨੇ।
ਖੇਤਾਂ ਵਿੱਚ ਸਰ੍ਹਵਾਂ ਪਹਿਨ ਮੁਕਟ ਪੀਲੇ,
ਇੰਦਰ ਬਾਗ ਨੂੰ ਮਾਨੋ ਸ਼ਰਮਾਂਦੀਆਂ ਨੇ।
ਬਣਕੇ ਸਾਕੀ ਸ਼ਰਮੀਲੀਆਂ ਸ਼ੋਖ ਨਜ਼ਰਾਂ,
ਭਰ-ਭਰ ਮਸਤੀਆਂ ਜਾਮ ਪਿਲਾਂਦੀਆਂ ਨੇ।
ਕਰਕੇ ਸੋਲ੍ਹਾਂ ਸ਼ਿੰਗਾਰ ਬਸੰਤ ਰਾਣੀ,
ਭਰਨ ਮਹਿਫ਼ਲਾਂ ਵਿੱਚ ਖ਼ੁਮਾਰ ਆਈ।
ਰਸ-ਰੂਪ ਸੁਆਦ ਸੁਗੰਧ-ਮੱਤੀ,
ਭਾਗਾਂ ਭਰੀ ਬਸੰਤ ਬਹਾਰ ਆਈ।
***



Sri Satguru Jagjit Singh Ji eLibrary NamdhariElibrary@gmail.com

## ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾ

ਤਾ-ਤਾ ਧੂਣੀਆਂ, ਦੇਹੀ ਨੂੰ ਦੁੱਖ ਦੇਣਾ,
ਪੁੱਠੇ ਲਟਕਿਆਂ ਨਹੀਂ ਉਧਾਰ ਹੋਣਾ।
ਤੀਰਥ ਨਾਤ੍ਰਿਆਂ ਨਹੀਂ ਨਿਜ਼ਾਤ ਮਿਲਣੀ,
ਭੂਤ ਭਰਮਾਂ ਦਾ ਨਹੀਂ ਫਰਾਰ ਹੋਣਾ।
ਕਰਮ-ਕਾਂਡਾਂ ਬਿਭੂਤੀਆਂ ਲਾ ਪਿੰਡੇ,
ਮੈਲਾ ਮਨ ਨਹੀਂ ਸਾਫ਼ ਨਿਖ਼ਾਰ ਹੋਣਾ।

ਦੇਵੀ ਦੇਹੁਰੇ ਪੂਜ ਸਮਾਧੀਆਂ ਨੂੰ,
ਮਿਲਣੀ ਮੁਕਤੀ ਨਾ ਅਲੋਕਾਰ ਹੋਣਾ।
ਬਿਨਾਂ ਸ਼ਰਧਾ ਪ੍ਰੇਮ ਅਨਿੰਨ ਭਗਤੀ,
ਪ੍ਰਭੂ ਸੱਚੇ ਦਾ ਨਹੀਂ ਦੀਦਾਰ ਹੋਣਾ।
ਇਸ ਭਵਜਲ ਅਸਗਾਹ ਸਮੁੰਦ ਵਿੱਚੋਂ,
ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾ।

ਭੁੱਲੇ ਭਟਕੇ ਅਤੇ ਭ੍ਰਿਸ਼ਟ ਬੰਦੇ,
ਸਦਾ ਗੁਰੂ ਹੀ ਇੱਕੋ ਸੁਧਾਰ ਸਕਦੈ।
ਤ੍ਰਿਸ਼ਨਾ, ਹਉਮੈ, ਹੰਕਾਰ ਵਿੱਚ ਸੜਦਿਆਂ ਨੂੰ,
ਇੱਕੋ ਗੁਰੂ ਉਪਦੇਸ਼ ਹੀ ਠਾਰ ਸਕਦੈ।
ਹਿਰਸ, ਹਵਸ, ਦ੍ਵੈਸ਼ ਦੇ ਰੋਗੀਆਂ ਦਾ,
ਇੱਕੋ ਗੁਰੂ ਹੀ ਲਾਹ ਬੁਖ਼ਾਰ ਸਕਦੈ।
ਸੁਰਤ ਜੋੜ ਕੇ ਸ਼ਬਦ ਵਿੱਚ ਲੀਨ ਹੋਣਾ,
ਦਸਮ-ਦੁਆਰ ਦਾ ਖੋਲ੍ਹ ਕਿਵਾਰ ਸਕਦੈ।
ਭਟਕ-ਭਟਕ ਠੇਡੇ ਖਾ ਲਓ ਬੇਸ਼ੱਕ,
ਮਨ ਦੌੜਦਾ ਨਹੀਂ ਖਲ੍ਹਾਰ ਹੋਣਾ।
ਭਾਰੀ ਪਾਪਾਂ ਦੇ ਪੱਥਰਾਂ ਨਾਲ ਭਰਿਆ,
ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾ।

ਲੱਖਾਂ ਜੂਨਾਂ ਵਿੱਚੋਂ ਮਾਨਸ ਉੱਤਮ ਦੇਹੀ,
ਬੰਦੇ ਬੰਦਗੀ ਏਸੇ ਵਿੱਚ ਹੋ ਸਕਦੀ।
ਪਉੜੀ ਛੁੜਕੀ ਫੇਰ ਨਹੀਂ ਹੱਥ ਆਉਣੀ,

ਘੜੀ ਸਮੇਂ ਦੀ ਨਹੀਂ ਖਲੋ ਸਕਦੀ।
ਨਾਲ ਦੂਈ ਦ੍ਵੈਤ ਦੇ ਭਰੇ ਮਨ ਵਿੱਚ,
ਜੋਤੀ ਗਿਆਨ ਦੀ ਕਰ ਨਹੀਂ ਲੋ ਸਕਦੀ।
ਸੱਚੇ ਗੁਰੂ ਗਿਆਨ ਦੀ ਪੁੜੀ ਇੱਕੋ,
ਮੈਲ ਵਾਸ਼ਨਾ ਤ੍ਰਿਸ਼ਨਾ ਦੀ ਧੋ ਸਕਦੀ।
ਸ਼ੁਭ ਅਮਲਾਂ ਬਾਝੋਂ ਨਹੀਂ ਜੀਵਨ,
ਹੀਰਾ ਜਨਮ ਅਮੋਲਕ ਸਵਾਰ ਹੋਣਾ।
ਭੋਲੇ ਪੰਛੀਆ ਸੋਚ ਵਿਚਾਰ ਕਰ ਲੈ,
ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾਂ।

ਨਾਮ ਜੱਪ ਬਾਣੀ ਪੜ੍ਹ ਗੁਰਸਿੱਖਾ,
ਚਾਹੀਏ ਧਾਰਨੀ ਪੰਜ ਕਰਾਰ ਹੋਣਾ।
ਚਾੜ੍ਹ ਨਾਮ ਰੰਗਣ ਜੇੜ੍ਹੀ ਉੱਤਰੇ ਨਾ,
ਝੂਠੇ ਰੰਗਾਂ ਵਿੱਚ ਪਊ ਖਵਾਰ ਹੋਣਾ।
ਜੰਗਲ ਬੇਲਿਆਂ ਵਿੱਚ ਨਾ ਰਹੁ ਭੌਂਦਾ,
ਖੋਜ ਅੰਦਰੋਂ ਗੁਰੂ ਦੀਦਾਰ ਹੋਣਾ।
ਹੀਲ ਹੁੱਜਤਾਂ ਛੱਡ ਸਿਆਣਪਾਂ ਨੂੰ,
ਵੇਖੀਂ ਫੇਰ ਪ੍ਰਵੇਸ਼ ਦਰਬਾਰ ਹੋਣਾ।
ਸਿੱਕ ਮਾਹੀ ਦੀ, ਤੜਪ ਦੀਦਾਰ ਦੀ ਜੇ,
ਆਪਾ ਛੱਡ ਪਊ ਖ਼ਾਕਸਾਰ ਹੋਣਾ।
ਸੱਚ ਸੋਲਾਂ ਆਨੇ ਕਹਿਆ 'ਪ੍ਰਵਾਨੇ',
ਬਿਨਾਂ ਗੁਰੂ ਦੇ ਬੇੜਾ ਨਹੀਂ ਪਾਰ ਹੋਣਾ।
***



Sri Satguru Jagjit Singh Ji eLibrary NamdhariElibrary@gmail.com

## ਗ਼ਮ ਤੇਰੇ ਨੂੰ ਚੂਸਨ ਆਈ

ਦੇਸ਼ ਦੀ ਅੰਨਪੂਰਨਾਂ ਦਾ ਹੈ
ਤੇਰੇ ਉੱਤੇ ਭਾਰ ਓਇ ਜੱਟਾ।
ਮਿਹਨਤ ਤੇਰੀ ਦੇ ਸਦਕਾ ਸਭ,
ਚੱਲਦੈ ਕਾਰ ਵਿਹਾਰ ਓਇ ਜੱਟਾ।
ਸਾਰੇ ਕੰਮਾਂ ਤੋਂ ਹੈ ਔਖੀ,
ਤੇਰੀ ਬਿਖ਼ੜੀ ਕਾਰ ਓਇ ਜੱਟਾ।
ਥੱਕਿਆ ਟੁੱਟਿਆ ਰਾਤੀਂ ਪਰਤੇਂ,
ਤੜਕੇ ਫੇਰ ਤਿਆਰ ਓਏ ਜੱਟਾ।
ਮਿੱਟੀ ਵਿੱਚੋਂ ਕਿਸਮਤ ਫੋਲੇਂ,
ਬਣਕੇ ਸਿਰਜਣਹਾਰ ਓਇ ਜੱਟਾ।
ਤੂੰ ਨਿਰਮਾਤਾ ਅਸਲ ਦੇਸ਼ ਦਾ,
ਤੇਰਾ ਰਿਣੀ ਸੰਸਾਰ ਓਇ ਜੱਟਾ।
ਪੰਜ-ਸਾਲ ਪੱਲਾਨਾਂ ਇਹ ਸਭ,
ਤੇਰੀਆਂ ਨੇ ਉਪਹਾਰ ਓਇ ਜੱਟਾ।
ਸਬਰ ਸ਼ੁਕਰ ਦਾ ਫੜ ਕੇ ਕਾਸਾ,
ਛਿੜਕੇਂ ਪ੍ਰੀਤ ਫ਼ੁਹਾਰ ਓਇ ਜੱਟਾ।
ਖੇਤਾਂ ਵਿੱਚ ਖੁਸ਼ਹਾਲੀ ਨੱਚਦੀ,
ਬਦਲਣ ਆਈ ਨੁਹਾਰ ਓਇ ਜੱਟਾ।
ਗ਼ਮ ਤੇਰੇ ਨੂੰ ਚੂਸਨ ਆਈ,
ਫ਼ਸਲਾਂ ਦੀ ਬਹਾਰ ਓਇ ਜੱਟਾ।

ਕੱਕਰ ਪਾਲ਼ਾ ਧੁੱਪ ਨ੍ਹੇਰੀ ਦਾ,
ਛੱਡੇਂ ਗ਼ਮ ਵਿਸਾਰ ਓਇ ਜੱਟਾ।
ਸੁਖ ਦੀ ਨੀਂਦੇ ਜੱਗ ਸੌਂਦੈ,
ਤੂੰ ਹੁੰਦਾ ਫਿਰੇਂ ਖਵਾਰ ਓਇ ਜੱਟਾ।
ਵੱਟਾਂ, ਬੰਨਿਆਂ, ਖਾਲ਼ਿਆਂ ਉੱਤੋਂ,
ਡਿੱਗ ਡਿੱਗ ਹੋਵੇਂ ਸਵਾਰ ਓਇ ਜੱਟਾ।
ਧਰਤੀ ਦੀ ਹਿੱਕ ਫ਼ੋਲ-ਫ਼ੋਲ ਕੇ,
ਮੋਤੀ ਕੱਢੇਂ ਬਾਹਰ ਓਇ ਜੱਟਾ।



Sri Satguru Jagjit Singh Ji eLibrary NamdhariElibrary@gmail.com

ਕੱਢਣ ਦੇਸੋਂ ਬਾਹਰ ਕੰਗਾਲੀ,
ਅੰਨ ਦੇ ਭਰੇਂ ਭੰਡਾਰ ਓਇ ਜੱਟਾ।
ਹਿੰਮਤ ਤੇਰੀ ਬਦਲ ਵਿਖਾਏ,
ਵਹਿਣਾਂ ਦੇ ਮੁਹਾੜ ਓਇ ਜੱਟਾ।
ਝੱਖੜ ਲੋਆਂ ਵਾਲੇ ਭਾਵੇਂ,
ਟੁੱਟਣ ਲੱਖ ਪਹਾੜ ਓਇ ਜੱਟਾ।
ਤੇਰੀ ਅਣਥੱਕ ਮਿਹਨਤ ਵਾਲਾ,
ਚੱਲਦਾ ਰਵ੍ਹੇ ਕਹਾਰ ਓਇ ਜੱਟਾ।
ਗ਼ਮ ਤੇਰੇ ਨੂੰ ਚੂਸਨ ਆਈ,
ਫ਼ਸਲਾਂ ਦੀ ਬਹਾਰ ਓਇ ਜੱਟਾ।

ਪੱਕੀਆਂ ਫ਼ਸਲਾਂ ਵੇਖ ਤੇਰੇ ਦਿਲ,
ਉਮੜੇ ਜੋਸ਼ ਅਪਾਰ ਓਇ ਜੱਟਾ।
ਨੱਚੇ ਟੱਪੇ ਢੋਲੇ ਗਾਵੇਂ,
ਉੱਚੀਆਂ ਬਾਹਾਂ ਉਲਾਰ ਓਇ ਜੱਟਾ।
ਦਾਤੀ ਤੇਰੀ ਵਾਢੀ ਕਰਦੀ,
ਜਾਵੇ ਮਾਰੋ ਮਾਰ ਓਇ ਜੱਟਾ।
ਘਾਲਾਂ ਘਾਲ ਤੇ ਜ਼ੱਫ਼ਰ ਜ਼ਾਲ ਕੇ,
ਕਰਲੈਂ ਬੋਹਲ ਤਿਆਰ ਓਇ ਜੱਟਾ।
ਵੇਖੀਂ ਕਿਤੇ ਰੋੜ੍ਹ ਨ ਬਹਵੀਂ,
ਫੁੱਟ ਦਾ ਹੋ ਸ਼ਿਕਾਰ ਓਇ ਜੱਟਾ।
ਦਸਾਂ ਨੌਹਾਂ ਦੀ ਕਿਰਤ ਤੇਰੀ ਵਿੱਚ,
ਛੁਪਿਐ ਪਰਵਰਦਿਗ਼ਾਰ ਓਇ ਜੱਟਾ।
ਆਈ ਵਿਸਾਖੀ ਵੇਖ ਤੇਰੇ ਦਿਲ,
ਜਾਗਣ ਕੌਲ ਕਰਾਰ ਓਇ ਜੱਟਾ।
ਭੁੱਲ ਜਾਵੀਂ ਨਾ ਜੀਵਨ ਆਦਰਸ਼,
ਪਹੁੰਚੀ ਮੰਜ਼ਿਲ ਮਾਰ ਓਇ ਜੱਟਾ।
ਤੰਗੀਆਂ ਤੁਰਸ਼ੀਆਂ ਕੱਟ ਹੁਣ ਗਈਆਂ,
ਬਹਵੀਂ ਨਾ ਹਿੰਮਤ ਹਾਰ ਓਇ ਜੱਟਾ।



Sri Satguru Jagjit Singh Ji eLibrary NamdhariElibrary@gmail.com

ਗ਼ਮ ਤੇਰੇ ਨੂੰ ਚੂਸਨ ਆਈ,
ਫ਼ਸਲਾਂ ਦੀ ਬਹਾਰ ਓਇ ਜੱਟਾ।
ਪੈਲ਼ੀਆਂ ਤੇਰੀਆਂ ਮੰਦਿਰ ਮਸਜਿਦ,
ਪੂਜਾ ਤੇਰੀ ਸਿਆੜ ਓਇ ਜੱਟਾ।
ਮਿਹਨਤ ਤੇਰੀ ਮਾਲਾ, ਤਸਬੀ,
ਲਗ਼ਨ ਤੇਰੀ ਦਿਲਦਾਰ ਓਇ ਜੱਟਾ।
ਉੱਚੇ ਟਿੱਬੇ ਵਾਹ ਕਰਾਹ ਕੇ,
ਬੰਜ਼ਰ ਕਰੇਂ ਗ਼ੁਲਜ਼ਾਰ ਓਇ ਜੱਟਾ।
ਭੁੱਖ ਗ਼ਰੀਬੀ ਮੇਟ ਕੰਗਾਲੀ,
ਬਣਕੇ ਵਫ਼ਾਦਾਰ ਓਇ ਜੱਟਾ।
ਦੁਸ਼ਮਣ ਤੈਥੋਂ ਥਰ ਥਰ ਕੰਬੇ,
ਦੇਸ਼ ਦੇ ਪਹਿਰੇਦਾਰ ਓਇ ਜੱਟਾ।
ਦੁਨੀਆਂ ਤੈਥੋਂ ਮੰਗੇ ਖੇੜੇ,
ਵੰਡੀ ਜਾ ਹੁਧਾਰ ਓਇ ਜੱਟਾ।
ਵਿੱਦਿਆ ਦੇ ਸੋਮੇ ਵਿੱਚ ਦਿਲ ਦੇ,
ਸ਼ੀਸ਼ੇ ਲੈ ਨਿਖ਼ਾਰ ਓਇ ਜੱਟਾ।
ਕਹਿ 'ਪ੍ਰਵਾਨਾ' ਵੀਰ ਕਿਸਾਨਾਂ,
ਕਰੀ ਜਾ ਦੇਸ਼ ਉਧਾਰ ਓਇ ਜੱਟਾ।
ਝੋਰੇ ਝਾਂਸੇ ਗ਼ਮੀਆਂ ਵਾਲੇ,
ਹੋਸਨ ਦੂਰ ਬੁਖ਼ਾਰ ਓਇ ਜੱਟਾ।
ਗ਼ਮ ਤੇਰੇ ਨੂੰ ਚੂਸਨ ਆਈ,
ਫ਼ਸਲਾਂ ਦੀ ਬਹਾਰ ਓਇ ਜੱਟਾ।
***



Sri Satguru Jagjit Singh Ji eLibrary NamdhariElibrary@gmail.com

## ਦੇਸ਼ ਨੂੰ ਉਸਾਰ ਲੈ

ਸਮੇਂ ਦੀ ਪੁਕਾਰ ਸੁਣ ਔਕੜਾਂ ਨੂੰ ਝਾੜ ਝੰਬ,
ਝਗੜੇ ਫ਼ਸਾਦਾਂ ਨੂੰ ਤੂੰ ਜੜ੍ਹਾਂ ਤੋਂ ਉਖਾੜ ਲੈ।
ਵਿੱਦਿਆ ਦੇ ਸੋਮੇ ਵਿੱਚ ਡੂੰਘੀ ਚੁੱਭੀ ਮਾਰ ਕੇ ਤੇ,
ਹਰ ਗੱਲੋਂ ਹਰ ਪੱਖੋਂ ਯੋਗਤਾ ਨਿਖ਼ਾਰ ਲੈ।
ਦੂਈ ਤੇ ਦ੍ਵੈਤ, ਉੱਚੇ ਨੀਵੇਂ ਦਾ ਮਿਟਾ ਦੇ ਭੇਤ,
ਪਿੱਛਾ ਛੱਡ ਅਗਾਂਹ ਵਧ ਸਾਥੀ ਹੁਸ਼ਿਆਰ ਲੈ।
ਹਰ ਇੱਕ ਲਈ ਦਿਲੋਂ ਪਿਆਰ ਦਾ ਸੰਦੇਸ਼ ਲੈ ਕੇ,
ਉੱਚੀ ਨੀਂਵੀ ਜ਼ਿੰਦਗੀ ਨੂੰ ਕਰ ਇੱਕਸਾਰ ਲੈ।
ਗ਼ੁਰਬਤ ਲੰਗਾਰ ਸੀ ਦੇ ਹਿੰਦ ਦੀ ਫ਼ਰਾਕ ਵਾਲਾ।
ਪੂੰਜੀਪਤੀ ਛੇਕ ਰਫ਼ੂ ਕਰ ਉੱਚਾ ਮਿਆਰ ਲੈ।
ਹੱਥੀਂ ਕੁਝ ਕਰ ਨਿਰਾ ਦੂਜਿਆਂ ਨੂੰ ਕਹੀ ਜਾ ਨਾ,
ਪੂਰਾ ਸਹਿਯੋਗ ਦੇ ਕੇ ਦੇਸ਼ ਨੂੰ ਉਸਾਰ ਲੈ।

ਤਾਣ, ਮਾਨ, ਆਨ, ਸ਼ਾਨ ਆਬਰੂ ਵਡੇਰਿਆਂ ਦੀ,
ਦਿਲ ਵਿੱਚ ਰੱਖ ਮਾਨਵ-ਵਾਦ ਪਿਆਰ ਲੈ।
ਹਿੰਦੂ ਅਤੇ ਸਿੱਖ ਦੋਵੇਂ ਟਾਹਣ ਇੱਕੋ ਬ੍ਰਿਛ ਦੇ ਨੇ,
ਕੰਧੇ ਨਾਲ ਕੰਧਾ ਡਾਹ ਕੇ ਡੈਮਾਂ ਨੂੰ ਸ਼ਿੰਗਾਰ ਲੈ।
ਨਵੇਂ ਹੀ ਜ਼ਮਾਨੇ ਦਾ ਤੂੰ ਰੋਸ਼ਨ ਸਿਤਾਰਾ ਬਣ,
ਪਾਲਸ਼ ਨਵੀਨ, ਕੋਝੀ ਰੀਤੀਆਂ ਤੇ ਚਾਹੜ ਲੈ।
ਸਾਰਾ ਕ੍ਰਿਸਾਨਾਂ, ਮੰਗ ਕਰੇ ਇਹ ਜ਼ਮਾਨਾ ਤੈਥੋਂ,
ਨਵੇਂ ਢੰਗੀਂ ਮਾਰੂਥਲ ਕਰ ਗੁਲਜ਼ਾਰ ਲੈ।
ਬੇਰੁਜ਼ਗਾਰੀ ਬੇਕਰਾਰੀ ਦਾ ਤੂੰ ਸਾਹ ਪੀ ਲੈ,
ਚੰਨ ਅਸਮਾਨ ਘੋਖ ਹੱਥਾਂ ਵਿੱਚ ਆਹਰ ਲੈ।
ਫ਼ਿਰਕੂ ਤੁਅਸਬੀਂ ਤੂਫ਼ਾਨੀ ਪੋਲ਼ੀ ਹਿੰਦ ਹੋਈ,
ਬੱਚੀ ਸਾਂਝੇ ਪਿਆਰ ਦੀ ਲਾ ਦੇਸ਼ ਨੂੰ ਉਸਾਰ ਲੈ।

ਬੱਚੇ ਅਤੇ ਬੱਚੀਆਂ ਨੂੰ ਵਿੱਦਿਆ ਪੜ੍ਹਾ ਉੱਚੀ,
ਦੇਸ਼ ਦੀ ਜ਼ਹਾਲਤ ਨੂੰ ਘਰੋਂ ਕੱਢ ਬਾਹਰ ਲੈ।
ਜੜ ਲੈ ਨਗੀਨਾਂ ਪੰਚਸ਼ੀਲ ਦਿਲ ਕੈਂਠੇ ਉੱਤੇ,
ਐਟਮਾਂ ਨੂੰ ਫ਼ੂਕ ਕਰ ਹਿੰਦ ਦਾ ਉਧਾਰ ਲੈ।



Sri Satguru Jagjit Singh Ji eLibrary NamdhariElibrary@gmail.com

ਪਿੰਡ ਰੁਸ਼ਨਾਂ ਵਾਂਗ ਨਵੀਂ ਸਜੀ ਦੁਲਹਨ ਦੇ,
ਕਾਮਿਊਨਿਟੀ ਪ੍ਰਜੈਕਟਾਂ ਦੀ ਮਦਦ ਵੰਗਾਰ ਲੈ।
ਸ਼ਕਤੀ ਅਮਿਤ ਪੈਦਾ ਕਰ ਜਿੰਨਾਂ-ਭੂਤਾਂ ਸਮ।
ਪਰ ਉਹਦੇ ਵਰਤਨ ਦੇ ਢੰਗਾਂ ਨੂੰ ਸਵਾਰ ਲੈ।
ਉੱਠ ਨੌਜਵਾਨਾਂ ਰੱਖ ਬਦਲ ਦੇ ਜ਼ਮਾਨਾ ਕੁੱਲ।
ਨਦੀ ਵਹਿਣ, ਵਹਿੰਦੇ ਜਾਂਦੇ ਸਮੇਂ ਨੂੰ ਖਲ੍ਹਾਰ ਲੈ।
ਉੱਦਮ ਦਲੇਰੀ, ਡੂੰਘੀ ਲਗਨ ਵਾਲੀ ਇੱਟ ਲਾ ਕੇ,
ਮਿਹਨਤ ਦੇ ਗ਼ਾਰੇ ਨਾਲ ਦੇਸ਼ ਨੂੰ ਉਸਾਰ ਲੈ।

ਅੱਖੀਂ ਮੀਟ ਮੰਦਿਰ ਦੀ ਨੁੱਕਰੀਂ ਨਾ ਰਹੁ ਬੈਠਾ,
ਬਣ ਨਾ ਮੁਥਾਜ ਲੋਕ ਹਿੱਤ ਨੂੰ ਵਿਚਾਰ ਲੈ।
ਹੋਇ ਕੇ ਸਨੱਧਬੱਧ ਮਿਹਨਤੀ ਪੁਸ਼ਾਕ ਨਾਲ,
ਕਾਮਿਆਂ ਕਿਸਾਨਾਂ ਮਜ਼ਦੂਰਾਂ ਨੂੰ ਉਭਾਰ ਲੈ।
ਦੇਸ਼ ਤੇ ਕਲੰਕ ਬਣੇ ਵਿਹਲੜ ਭਿਖਾਰੀਆ ਓਇ,
ਭੰਨ ਠੂਠਾ ਹੱਥਾਂ ਵਿੱਚ ਕਹੀ ਨੂੰ ਸੰਭਾਰ ਲੈ।
ਖ਼ੂਨ ਤੇ ਪਸੀਨਾ ਇੱਕ ਹੋਇਆ ਤੇਰੇ ਸਾਥੀਆਂ ਦਾ,
ਸਾਥੀ ਬਣ ਕੰਧਿਆਂ ਤੇ ਵਰੇਵਾਂ ਚਾ ਭਾਰ ਲੈ।
ਮੌਤ ਪਿੱਛੋਂ ਦੁਨੀਆਂ ਤਰਾਨੇ ਤੇਰੇ ਸੋਹਣੇ ਗਾਵੇ,
ਐਹੋ ਜਿਹਾ ਭਾਰਤੀਆ ਜੀਵਨ ਗੁਜ਼ਾਰ ਲੈ।
ਕਹੇ 'ਪ੍ਰਵਾਨਾ' ਮੇਟ ਜੰਗ ਵਾਲਾ ਸਾਮਿਆਨਾ,
ਤਨ ਮਨ ਧਨ ਲਾ ਕੇ ਦੇਸ਼ ਨੂੰ ਉਸਾਰ ਲੈ।
***



Sri Satguru Jagjit Singh Ji eLibrary NamdhariElibrary@gmail.com

## ਹਰ ਦਿਲ ਬੂਟਿਓਂ ਪਿਆਰ ਦੀ

ਹਰ ਦਿਲ ਬੂਟਿਓਂ ਪਿਆਰ ਦੀ ਮਹਿਕ ਉੱਠੇ,
ਰੋਸ਼ਨ ਜੀਵਨ ਬੁਲੰਦ ਮਿਆਰ ਹੋਵੇ।
ਹੋਵੇ ਦਿਲੀਂ ਨਾ ਵਿਤਕਰਾ ਮਾਨਵਤਾ ਲਈ,
ਆਪਸ ਵਿੱਚ ਨਾ ਚੰਦਰੀ ਖ਼ਾਰ ਹੋਵੇ।
ਮੂਲਧਨ ਜੋ ਦੇਸ਼ ਦਾ ਹੈ ਕਿਰਤੀ,
ਠੇਡੇ ਖਾਂਦਾ ਨਾ ਸ਼ਰ੍ਹੇ ਬਾਜ਼ਾਰ ਹੋਵੇ।
ਮੁੱਲ ਕਿਰਤੀ ਦੀ ਕਿਰਤ ਦਾ ਪਏ ਜੇਕਰ,
ਸੋਨ-ਚਿੜੀ ਨਾ ਦੇਸ਼ ਖ਼ਵਾਰ ਹੋਵੇ।
ਸਦਾਚਾਰ ਉੱਚਾ ਰਹੇ ਨੇਕ ਨੀਯਤ,
ਸਾਡੇ ਸਿਰੀਂ ਨਾ ਦੌਲਤ ਸਵਾਰ ਹੋਵੇ।
ਖਾਣੀ ਮਾਰ ਨਾ ਪਵੇ ਮੰਦਹਾਲੜੀ ਦੀ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।

ਵਿਹਲਾ ਰਹੇ ਨਾ ਧਰਤੀ ਦਾ ਕੋਈ ਚੱਪਾ,
ਟਿੱਬੇ ਵਾਹ ਕੀਤਾ ਗੁਲਜ਼ਾਰ ਹੋਵੇ।
ਊਣਾਂ ਰਹੇ ਕਿਸਾਨ ਨਾ ਕਿਸੇ ਗੱਲੋਂ,
ਇਹਨੂੰ ਹਰ-ਸਹੂਲਤ ਦਰਕਾਰ ਹੋਵੇ।
ਦਾਤਾ ਅੰਨ ਦਾ ਕਾਲ ਨੂੰ ਭੈ ਜਮ ਦਾ,
ਜੇ ਨਾ ਇਹਨੂੰ ਸਰਕਾਰ ਦੀ ਮਾਰ ਹੋਵੇ।
ਘੁੰਮਰ ਪਾਏ ਖੁਸ਼ਹਾਲੀ ਪਤਝੜ ਉੱਡੇ,
ਟ੍ਰੈਕਟਰ ਟਿਊਬਵੈਲਾਂ ਦੀ ਭਰਮਾਰ ਹੋਵੇ।
ਹੱਥ ਫੜ ਕਾਸਾ ਪਵੇ ਮੰਗਣਾ ਨਾ,
ਵਿਹਲੜ ਮੰਗਤਾ ਪਿਆ ਸ਼ਰਮਸਾਰ ਹੋਵੇ।
ਹੱਡ-ਰੱਖਣਾ ਦਿਸੇ ਨਾ ਕੋਈ ਏਥੇ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।

ਇਹ ਹੈ ਯੁੱਗ ਆਧੁਨਿਕ ਮਸ਼ੀਨਰੀ ਦਾ,
ਇਹਦੇ ਬਿਨਾਂ ਨਾ ਪੂਰਾ ਸ਼ਿੰਗਾਰ ਹੋਵੇ।
ਹੋਵੇ ਸੱਨਅਤੀ ਉੱਨਤੀ ਹਰ ਪੱਖੋਂ,
ਰੇਲ ਇੰਜ਼ਨ ਜਹਾਜ਼ ਵੀ ਤਿਆਰ ਹੋਵੇ।



Sri Satguru Jagjit Singh Ji eLibrary NamdhariElibrary@gmail.com

ਨੰਗਲ, ਭਾਖੜਾ-ਡੈਮ ਸ਼ਿੰਗਾਰ ਇਸਦਾ,
ਜਿੱਥੋਂ ਉਪਜ ਬਿਜਲੀ ਬੇ-ਸ਼ੁਮਾਰ ਹੋਵੇ।
ਦਿੱਤੀ ਐਟਮੀ ਸ਼ਕਤੀ ਹੈ ਸਾਇੰਸ ਐਪਰ,
ਇਹਦੀ ਯੋਗ ਵਰਤੋਂ ਦਾ ਉਪਚਾਰ ਹੋਵੇ।
ਨਦੀਆਂ ਦੁੱਧ ਭਰੀਆਂ ਵਗਣ ਦੇਸ਼ ਅੰਦਰ,
ਗਊ-ਬੱਧ ਜੇ ਮੂਲੋਂ ਫ਼ਰਾਰ ਹੋਵੇ।
ਸੁਹਜ, ਅਣਖ, ਜਵਾਨੀ ਤੇ ਸੁੰਦਰਤਾ ਦੀ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।

ਬੇਗਰਜ਼, ਬੇਖ਼ੌਫ਼ ਸਭ ਹੋਣ ਲੀਡਰ,
ਸੁੱਚਾ ਜਿੰਨਾਂ ਦਾ ਅਮਲੀ ਕਿਰਦਾਰ ਹੋਵੇ।
ਵੱਢੀਖੋਰ ਹਾਕਮ ਨਾ ਕੋਈ ਰਹੇ ਏਥੇ,
ਭ੍ਰਿਸ਼ਟਾਚਾਰੀ ਦਾ ਬੰਦ ਬਾਜ਼ਾਰ ਹੋਵੇ।
ਅਣਖ ਵੇਚ ਨਾ ਰੋਟੀ ਲਈ ਕੋਈ ਤਰਸੇ,
ਹਾਸਿਲ ਸਭ ਨੂੰ ਯੋਗ ਰੁਜ਼ਗਾਰ ਹੋਵੇ।
ਵੇਤਨ ਮਿਲੇ ਪੂਰਾ ਹਰ ਇੱਕ ਵੇਤਨੀ ਨੂੰ,
ਤਾਂਹੀ ਦੂਰ ਚੋਰੀ ਮਾਰਧਾੜ੍ਹ ਹੋਵੇ।
ਹੱਕ ਕਿਸੇ ਦਾ ਕੋਈ ਨਾ ਰਹੇ ਖੋਂਹਦਾ,
ਚੜ੍ਹਿਆ ਹਵਸ ਦਾ ਨਾ ਬੁਖ਼ਾਰ ਹੋਵੇ।
ਦੁੱਖ-ਸੁਖ ਸਭ ਦੇ ਦਰਦ ਹੋਣ ਸਾਂਝੇ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।

ਭਗਤ ਸਿੰਘ, ਸਰਾਭਾ, ਸੁਭਾਸ਼ ਵਰਗੇ,
ਹੋਵੇ ਦੇਸ਼ ਭਗਤੀ ਗੂੜ੍ਹਾ ਪਿਆਰ ਹੋਵੇ।
ਲੱਭੇ ਜ਼ਿੰਦਗੀ ਜਿੰਨਾਂ ਨੂੰ ਮੌਤ ਵਿੱਚੋਂ,
ਸਭ ਸੂਰਮਾ ਸਿਪਾ ਸਾਲਾਰ ਹੋਵੇ।
ਅਮਨ ਵਾਸਤੇ, ਅਮਨ ਮੁਹਾਜ਼ ਅੰਦਰ,
ਜੂਝ ਮਰੇ ਨਾ ਕੌਮ ਗ਼ੱਦਾਰ ਹੋਵੇ।
ਆਉਣ ਮੁਸ਼ਕਿਲਾਂ ਲੱਖਾਂ ਤੂਫ਼ਾਨ ਝੂਲਣ,
ਵੈਰੀ ਵਾਸਤੇ ਢਾਲ ਤਲਵਾਰ ਹੋਵੇ।



Sri Satguru Jagjit Singh Ji eLibrary NamdhariElibrary@gmail.com

ਸਿਦਕ, ਸਬਰ, ਤਿਆਗ ਦਾ ਹੋਏ ਸੋਮਾ,
ਮੂੰਹੋਂ ਮਿੱਠੜੀ ਸ਼ੀਰੀਂ ਗੁਫ਼ਤਾਰ ਹੋਵੇ।
ਏਹੋ ਹਸਰਤ ਤੇ ਆਰਜ਼ੂ ਇਹੋ ਮੇਰੀ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।

ਫੁੱਟੇ ਦਿਲ ਨਾ ਬੀਜ ਬੁਰਿਆਈ ਵਾਲਾ,
ਸ਼ੁੱਧ ਸਾਤਕੀ ਜੇ ਆਹਾਰ ਹੋਵੇ।
ਸਾਦਾ ਭਾਰਤੀ ਸਾਫ਼ ਲਿਬਾਸ ਦਿੱਸੇ,
ਫ਼ੈਸ਼ਨ-ਪੱਛਮੀਂ ਕੂਕ ਫ਼ਰਾਰ ਹੋਵੇ।
ਹੋਵੇ ਜੀਵਨ ਦਾ ਮੂਲ ਸਿਧਾਂਤ ਸਾਂਝਾ,
ਵੱਖ-ਵੱਖ ਨਾ ਮਜ਼੍ਹਬੀ ਪ੍ਰਚਾਰ ਹੋਵੇ।
ਝੁੱਲੇ ਏਕਤਾ ਦਾ ਝੰਡਾ ਹਿੰਦ ਅੰਦਰ,
ਸਾਂਝੀਵਾਲਤਾ ਧਰਮ ਆਧਾਰ ਹੋਵੇ।
ਇੱਕ ਨੂਰ ਤੇ ਉਪਜਿਆ ਜੱਗ ਸਾਰਾ,
ਸਾਝਾਂ ਸਭ ਦਾ ਕਾਰ ਵਿਹਾਰ ਹੋਵੇ।
ਇੱਕ-ਮੁੱਠ ਹੋ ਕੇ ਸਾਰੇ ਕਹਿਣ ਏਹੋ,
ਮੇਰੇ ਦੇਸ਼ ਵਿੱਚ ਸਦਾ ਬਹਾਰ ਹੋਵੇ।
***



Sri Satguru Jagjit Singh Ji eLibrary NamdhariElibrary@gmail.com

## ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ

ਭਾਰਤਵਰਸ਼ ਤੇ ਏਸਦਾ ਹਰ ਵਾਸੀ,
ਜੁਗ-ਜੁਗ ਜੀਵੇ ਜਵਾਨੀਆਂ ਮਾਣਦਾ ਰਹੇ।
ਹੋਵੇ ਇਹਦਾ ਇਕਬਾਲ ਇੱਕਮੁੱਠ ਐਸਾ,
ਜਿਹਨੂੰ ਤੱਕ ਦੁਸ਼ਮਣ ਭੈ ਠਾਨਦਾ ਰਹੇ।
ਧੁੱਪੇ ਖੜਾ ਜੇ ਧੁੱਪੋਂ ਕੋਈ ਹੋਏ ਆਤੁਰ,
ਦੂਜਾ ਸਿਰ ਉਹਦੇ ਛਾਤਾ ਤਾਣਦਾ ਰਹੇ।
ਹੋਵੇ ਚਮਕਦਾ ਏਸਦਾ ਤੇਜ ਐਸਾ,
ਫਿੱਕਾ ਤੇਜ ਜੀਹਦੇ ਸਾਹਵੇਂ ਭਾਨ ਦਾ ਰਹੇ।
ਆਸ ਸੱਜਣ ਨੂੰ ਦੁਸ਼ਮਣ ਨੂੰ ਭੈ ਹੋਵੇ,
ਝੰਡਾ ਉੱਚਾ ਇਹਦੀ ਸ਼ੌਕਤ ਸ਼ਾਨ ਦਾ ਰਹੇ।
ਖਿੜਿਆ ਚਮਨ ਆਜ਼ਾਦੀ ਦਾ ਰਹੇ ਹਰਦਮ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।

ਲੋੜ ਪਵੇ ਤਾਂ ਦੇਸ਼ ਦਾ ਹਰ ਬੱਚਾ,
ਤੋਪਾਂ ਸਾਹਵੇਂ ਛਾਤੀਆਂ ਤਾਣਦਾ ਰਹੇ।
ਲੱਗੇ ਦਾਗ਼ ਨਾ ਦੇਸ਼ ਦੀ ਅਣਖ ਤਾਈਂ,
ਬੇਸ਼ੱਕ ਜਿਸਮ ਵਿੱਚ ਨਾ ਭੋਰਾ ਜਾਨ ਦਾ ਰਹੇ।
ਹਰ ਇੱਕ ਹਿੰਦੀ ਦਾ ਹੋਵੇ ਮਿਆਰ ਉੱਚਾ,
ਨਬਜ਼ ਸਮੇਂ ਦੀ ਜਿਹੜਾ ਪਛਾਣਦਾ ਰਹੇ।
ਬਖਸ਼ੇ ਵਿੱਦਿਆ ਗਿਆਨ ਚਿਰਾਗ਼ ਸਭ ਨੂੰ,
ਨ੍ਹੇਰੇ ਵਿੱਚ ਨਾ ਕੋਈ ਘੱਟਾ ਛਾਣਦਾ ਰਹੇ।
ਹੋਵੇ ਉੱਚਾ ਇਖ਼ਲਾਕ ਕਿਰਦਾਰ ਸਭ ਦਾ,
ਖ਼ਤਰਾ ਕਿਸੇ ਨੂੰ ਨਾ ਇੱਜ਼ਤ ਆਨ ਦਾ ਰਹੇ।
ਰਲ਼ਕੇ ਝੂਟੀਏ ਪਾ ਪਿਆਰ ਪੀਂਘਾਂ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।

ਭੁੱਖ ਨੰਗ ਕੰਗਾਲੀ ਨਾ ਨਜ਼ਰ ਆਵੇ,
ਦੁਖੀ ਕੋਈ ਨਾ ਬੱਚਾ ਇਨਸਾਨ ਦਾ ਰਹੇ।
ਵਿਲਕ ਵਿਲਕ ਨਾ ਦੰਦੀਆਂ ਕੋਈ ਕੱਢੇ,
ਰਤਾ ਫ਼ਿਕਰ ਨਾ ਖਾਣ ਹੰਢਾਣ ਦਾ ਰਹੇ।



Sri Satguru Jagjit Singh Ji eLibrary NamdhariElibrary@gmail.com

ਨਾਮ ਧਰਮ ਦੇ ਤੋਂ ਨਾ ਕੋਈ ਲੜੇ ਝਗੜੇ,
ਹਰ ਕੋਈ ਆਪਣਾ ਇਸ਼ਟ ਪਛਾਣਦਾ ਰਹੇ।
ਯੋਗਦਾਨ ਪਾਈਏ ਵਤਨ ਉੱਨਤੀ ਵਿੱਚ,
ਝੇੜਾ ਆਪਸ ਵਿੱਚ ਨਾ ਖਿੱਚੋਤਾਨ ਦਾ ਰਹੇ।
ਸਾਹਵੇਂ ਡਟਕੇ ਛਾਤੀ ਤੇ ਵਾਰ ਝੱਲੇ,
ਭਾਵੇਂ ਯੁੱਧ ਹੁੰਦਾ ਘਸਮਾਨ ਦਾ ਰਹੇ।
ਮਾਰ ਮੰਜ਼ਿਲਾਂ ਉੱਨਤੀਆਂ ਰਹੇ ਕਰਦਾ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।

ਕਾਮੇ ਬਣ ਸਾਰੇ ਸੁੱਚੀ ਕਿਰਤ ਕਰੀਏ,
ਹੱਕ ਖੋਹ ਮੌਜਾਂ ਨਾ ਕੋਈ ਮਾਣਦਾ ਰਹੇ।
ਮੇਰੇ ਦੇਸ਼ ਦਾ ਗੱਭਰੂ ਹੋਏ ਸਿਖਿਅਤ,
ਨਾ ਕੋਈ ਲੜੇ ਨਾ ਗਲਤ ਬਿਆਨਦਾ ਰਹੇ।
ਜਾਤ ਪਾਤ ਦਾ ਟੰਟਾ ਹੀ ਮੁੱਕ ਜਾਵੇ,
ਨਾ ਕੋਈ ਵਿਤਕਰਾ ਜੱਟ ਤਰਖਾਣ ਦਾ ਰਹੇ।
ਆਪਸ ਵਿੱਚ ਹੀ ਰਿਸ਼ਤਾ ਇਨਸਾਨੀਅਤ ਦਾ,
ਰਹੇ ਪੱਕਾ ਨਾ ਰੌਲਾ ਜ਼ੁਬਾਨ ਦਾ ਰਹੇ।
ਔਣ ਔਕੜਾਂ ਲੱਖਾਂ ਤੂਫ਼ਾਨ ਝੁੱਲਣ,
ਖਿੜੇ ਮੱਥੇ ਸਿਰ ਉੱਤੇ ਪ੍ਰਵਾਨਦਾ ਰਹੇ।
ਦਿਲੀ ਖਾਹਸ਼ ਮੇਰੀ ਰੱਖ ਸਿਰ ਉੱਚਾ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।

ਸਰਬ ਸਾਂਝਾ ਉਪਦੇਸ਼ ਮਨੁੱਖਤਾ ਲਈ,
ਗੀਤਾ ਗ੍ਰੰਥ ਤੇ ਵੇਦ ਕੁਰਾਨ ਦਾ ਰਹੇ।
ਜੀਓ ਆਪ ਤੇ ਹੋਰਨਾਂ ਜਿਉਣ ਦੇਵੋ,
ਤੱਥ ਸ਼ਾਂਤੀ ਵਿਸ਼ਵ ਕਲਿਆਣ ਦਾ ਰਹੇ।
ਗ਼ੁਰਬਤ ਪਾੜਾ ਮੇਲੋ ਵਰਗਾਂ ਸਾਰਿਆਂ 'ਚੋਂ,
ਝੋਰਾ ਕਿਸੇ ਨੂੰ ਨਾ ਗੁਜ਼ਰਾਨ ਦਾ ਰਹੇ।
ਸਾਰੇ ਸੁੱਖ ਉਪਲਬਧ ਵੀ ਹੋਣ ਸਭ ਨੂੰ,
ਕੰਡਾ ਦਿਲ ਨਾ ਜਾਤ ਅਭਿਮਾਨ ਦਾ ਰਹੇ।



Sri Satguru Jagjit Singh Ji eLibrary NamdhariElibrary@gmail.com

ਵਾਲ ਵਿੰਗਾ ਨਹੀਂ ਓਸਦਾ ਕਦੀ ਹੁੰਦਾ,
ਜੀਹਦੇ ਸਿਰ ਤੇ ਹੱਥ ਭਗਵਾਨ ਦਾ ਰਹੇ।
ਨਿੱਤ ਨਵੀਆਂ ਹੀ ਖੋਜਾਂ ਵਿੱਚ ਮਾਰ ਮੱਲਾਂ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।

ਕੱਚੀ ਉਮਰ ਆਜ਼ਾਦੀ ਦੀ ਅਜੇ ਅੱਲੜ੍ਹ,
ਪੋਂਹਦਾ ਸੇਕ ਨਾ ਇਹਨੂੰ ਸ਼ੈਤਾਨ ਦਾ ਰਹੇ।
ਜਿਸਮ ਏਸਦਾ ਛਿੱਲ-ਛਿੱਲ ਨਾਲ ਨਹੁੰਆਂ,
ਹੁੰਦਾ ਕਤਲ ਨਾ ਅਮਨ ਈਮਾਨ ਦਾ ਰਹੇ।
ਬਣਿਆ ਰਹੇ ਅਟੁੱਟ ਵਿਸ਼ਾਲ ਭਾਰਤ,
ਭੂਤ ਚਿੰਬੜਿਆ ਨਾ ਖਾਲਿਸਤਾਨ ਦਾ ਰਹੇ।
ਅੱਤਵਾਦ ਜੋ ਕੋਹੇ ਮਨੁੱਖਤਾ ਨੂੰ,
ਦੀਪਕ ਗੁੱਲ ਉਹਦੇ ਖ਼ਾਨਦਾਨ ਦਾ ਰਹੇ।
ਮਿਲੀ ਜੀਹਦੀ ਬਦੌਲਤ ਸੁਤੰਤਰਤਾ ਸੀ,
ਚੇਤਾ ਚੀਨੀ ਅਸਵਾਰ ਸੁਜਾਨ ਦਾ ਰਹੇ।
ਕਰਦਾ ਰਹੇ 'ਪ੍ਰਵਾਨਾ' ਸਰ ਹੋਣੀਆਂ ਨੂੰ,
ਮੇਰਾ ਦੇਸ਼ ਆਜ਼ਾਦੀਆਂ ਮਾਣਦਾ ਰਹੇ।
***



Sri Satguru Jagjit Singh Ji eLibrary NamdhariElibrary@gmail.com

## ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ

ਹਿੰਦੂ ਸਿੱਖ ਭਰਾਵੋ ਇੱਕ ਮਾਂ ਜਾਇਓ,
ਕਿੱਥੋਂ ਵੜ ਗਿਆ ਦਿਲਾਂ ਵਿੱਚ ਕੋੜ੍ਹ ਹੈ ਅੱਜ।
ਇੱਕ ਦੂਜੇ ਲਈ ਫਿਰਦੇ ਓ ਲੱਠ ਚੁੱਕੀ,
ਭੰਨ ਸੁੱਟਣੀ ਜਿਵੇਂ ਕੰਗਰੋੜ ਹੈ ਅੱਜ।
ਮੁੱਠੀ ਭਰ ਸ਼ੈਤਾਨਾਂ ਦੇ ਚੜ੍ਹ ਟੇਟੇ,
ਰਿਸ਼ਤਾ ਖ਼ੂਨ ਦਾ ਦਿੱਤਾ ਤ੍ਰੋੜ ਹੈ ਅੱਜ।
ਕੱਢ ਦਿੱਤਾ ਜਨਾਜ਼ਾ ਜੇ ਏਕਤਾ ਦਾ,
ਦਿੱਤਾ ਪਿਆਰਾਂ ਦਾ ਗਲ਼ਾ ਮਰੋੜ ਹੈ ਅੱਜ।
ਡੁੱਲ੍ਹੇ ਬੇਰਾਂ ਦਾ ਅਜੇ ਕੁਝ ਵਿਗੜਿਆ ਨਹੀਂ,
ਪਾ ਲਓ ਮੋੜ ਜੇ ਪੈਂਦਾ ਜੇ ਮੋੜ ਹੈ ਅੱਜ।
ਸਮਾਂ ਬੀਤਿਆ ਫੇਰ ਨਹੀਂ ਹੱਥ ਔਣਾ,
ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਤੂਤੀ ਭਾਰਤ ਦੀ ਵਿੱਚ ਜਹਾਨ ਬੋਲੇ।
ਕਿਹੜੀ ਗੱਲ ਦੀ ਦੱਸੋਂ ਖਾਂ ਥੋੜ ਹੈ ਅੱਜ।
ਲੈ ਕੇ ਸੂਈ ਤੋਂ ਜੈੱਟ ਜਹਾਜ਼ ਤੀਕਰ,
ਬਣੀ ਭਾਰਤ ਦੀ ਵਸਤ ਬੇਜੋੜ ਹੈ ਅੱਜ।
ਇਹਦੇ ਡੈਮ ਨੇ ਵਿਸ਼ਵ ਅਜੂਬਿਆਂ 'ਚੋਂ,
ਫੇਰ ਕਿਉਂ ਹੁੰਦੀ ਤੋੜ ਫੋੜ ਹੈ ਅੱਜ।
ਇਹਦੀ ਸ਼ਕਤੀ ਸਮੁੱਚੀ ਨੂੰ ਤੱਕ ਕੇ ਤੇ,
ਨਿਕਲੇ ਵੈਰੀ ਦੇ ਵਿੱਚੇ ਮਰੋੜ ਹੈ ਅੱਜ।
ਦੁੱਖ ਦਰਦ ਹੋਵਣ ਸਾਂਝੇ ਰੋਣ ਹਾਸੇ,
ਪੁੱਟੋ ਮਜ਼ਬੀ ਜਨੂੰਨ ਦਾ ਬੋੜ੍ਹ ਹੈ ਅੱਜ।
ਕਾਇਮ ਹਾਸਿਲ ਆਜ਼ਾਦੀ ਨੂੰ ਰੱਖਣੇ ਲਈ,
ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਵੇਲਾ ਬੀਤਿਆ ਫੇਰ ਨਹੀਂ ਹੱਥ ਔਣਾ,
ਲੱਖਾਂ ਜਹੀ ਕਹੀ ਗੱਲ ਸਿਆਣਿਆਂ ਦੀ।
ਅੱਜ ਤੀਕ ਨਹੀਂ ਉੱਗਦੀ ਕਿਸੇ ਡਿੱਠੀ,
ਬੀਜੀ ਹੋਈ ਖੇਤੀ ਭੁੱਜੇ ਦਾਣਿਆਂ ਦੀ।



Sri Satguru Jagjit Singh Ji eLibrary NamdhariElibrary@gmail.com

ਅੱਜ ਮਾਂ ਦੀ ਰੱਤੂ ਕਿਉਂ ਨ੍ਹਾ ਰਹੇ ਹੋ,
ਜਿਹੜੀ ਜਨਮ ਦਾਤੀ ਰੰਕਾਂ ਰਾਣਿਆਂ ਦੀ।
ਪਾ ਪਾ ਵੰਡੀਆਂ ਬਾਂਦਰਾਂ ਹੱਥ ਦੇਣੀ,
ਰੋਟੀ ਆਪਣੀ ਝੋਲੀ ਬੇਗਾਨਿਆਂ ਦੀ।
ਕੁਝ ਕੁ ਚੌਧਰ ਦੇ ਭੁੱਖੇ ਲੀਡਰਾਂ ਨੇ,
ਦਿੱਤਾ ਭਾਈ ਤੋਂ ਭਾਈ ਵਿਛੋੜ ਹੈ ਅੱਜ,
ਅਜੇ ਧੋਣੇ ਗੁਲਾਮੀ ਦੇ ਧੁਪੇ ਤਾਂ ਨਹੀਂ,
ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਏਸ ਹੀਰ ਆਜ਼ਾਦੀ ਨੂੰ ਵਰ੍ਹਨ ਖ਼ਾਤਰ,
ਬੜੇ ਮੁੱਲ ਮਹਿੰਗੇ ਅਸਾਂ ਤਾਰੇ ਹੋਏ ਨੇ।
ਲੱਖਾਂ ਮਾਵਾਂ ਦੇ ਪੁੱਤ ਸ਼ਹੀਦ ਹੋ ਗਏ,
ਲੱਖਾਂ ਭੈਣਾਂ ਸੁਹਾਗ ਵੀ ਵਾਰੇ ਹੋਏ ਨੇ।
ਰਾਜਗੁਰੂ, ਸਰਾਭਾ ਤੇ ਭਗਤ ਸਿੰਘ ਨੇ,
ਜਾ ਕੇ ਲੰਡਨ ਓਡਵਾਇਰ ਜਿਹੇ ਮਾਰੇ ਹੋਏ ਨੇ।
ਖ਼ਾਤਰ ਇਸੇ ਹੁਣ ਤੱਕ ਗੁਰੂ ਰਾਮ ਸਿੰਘ ਜੀ,
ਦੇਸ਼ ਛੱਡ ਪਰਦੇਸ ਪਧਾਰੇ ਹੋਏ ਨੇ।
ਲਾਈਏ ਲੀਕ ਨਾ ਮੜ੍ਹੀ ਸ਼ਹੀਦਾਂ ਦੀ ਨੂੰ,
ਦਿਲੋਂ ਕੱਢੀਏ ਨਫ਼ਰਤ ਘਰੋੜ ਹੈ ਅੱਜ।
ਪਿਆਰ ਪੇਚੇ 'ਪ੍ਵਾਨਾ' ਪਾ ਗਲੀਂ ਲਈਏ,
ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।

ਲਾਈਏ ਮੱਲ੍ਹਮ ਘਨੱਈਏ ਦੇ ਪਿਆਰ ਵਾਲੀ,
ਟੱਸ-ਟੱਸ ਕਰਦਾ ਜੋੜ-ਜੋੜ ਹੈ ਅੱਜ।
ਪਾੜੇ ਪੈਂਦਿਆਂ ਪੈਂਦਿਆਂ ਪੈ ਜਾਣੇ,
ਭਰੀ ਗਈ ਨਾ ਜੇ ਨਫ਼ਰਤ ਖੋੜ ਹੈ ਅੱਜ।
ਸਬਰ ਤਿਆਗ ਪਿਆਰ ਮਿਲਾਪ ਬਾਝੋਂ,
ਨਹੀਂ ਮੁੱਕਣੀ ਆਪਸੀ ਹੋੜ ਹੈ ਅੱਜ।
ਪਹਿਲੋਂ ਪਾਉਣ ਤੋਂ ਪੈਂਦਾ ਹੈ ਕੁਝ ਖੋਣਾ,
ਸੌ ਹੱਥ ਰੱਸਾ ਸਿਰੇ ਜੋੜ ਹੈ ਅੱਜ।

ਹਿੰਦੂ ਸਿੱਖ ਮੁਸਲਿਮ ਨੇ ਤਸਵੀਰ ਰੱਬ ਦੀ,
ਮੰਜ਼ਿਲ ਇੱਕ ਚਾਹੇ ਵੱਖਰੇ ਮੋੜ ਨੇ ਅੱਜ।
ਫੁੱਟ ਪਾਊ ਸ਼ਰਾਰਤੀ ਮੇਟ ਅਨਸਰ,
ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ।
***



Sri Satguru Jagjit Singh Ji eLibrary NamdhariElibrary@gmail.com

## ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ

ਅਸਾਂ ਖੰਡੇ ਦੀ ਧਾਰ 'ਚੋਂ ਜਨਮ ਲੀਤਾ,
ਸੀਸ ਤਲੀ ਉੱਤੇ ਧਰਨਾ ਜਾਣਦੇ ਹਾਂ।
ਸਾਡੇ ਦਿਲਾਂ ਵਿੱਚ ਜਜ਼ਬਾ ਕੁਰਬਾਨੀਆਂ ਦਾ,
ਲਾੜੀ ਮੌਤ ਨੂੰ ਵੀ ਵਰਨਾ ਜਾਣਦੇ ਹਾਂ।
ਸਾਡੇ ਖ਼ੂਨ ਵਿੱਚ ਜੋਸ਼ ਦਾ ਹੜ੍ਹ ਏਨਾਂ,
ਫ਼ਤੇ ਹੋਣੀਆਂ ਨੂੰ ਵੀ ਕਰਨਾ ਜਾਣਦੇ ਹਾਂ।
ਆਉਣ ਔਕੜਾਂ ਬਣ ਪਹਾੜ ਬੇਸ਼ੱਕ,
ਸੀਨਾਂ ਤਾਣ ਸਾਹਵੇਂ ਖੜ੍ਹਨਾ ਜਾਣਦੇ ਹਾਂ।
ਅਣਖ ਆਨ ਤੇ ਧਰਮ ਦੀ ਸ਼ਾਨ ਬਦਲੇ,
ਅਸੀਂ ਫਾਂਸੀਆਂ ਤੇ ਚੜ੍ਹਨਾ ਜਾਣਦੇ ਹਾਂ।
ਸਵਾ ਲੱਖ ਦੇ ਨਾਲ ਹਾਂ ਰਹੇ ਲੜਦੇ,
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ।

ਟਿੱਡੀ ਦਲ ਵਾਂਗੂੰ ਸਿਰੀਂ ਪੈਰ ਰੱਖ ਕੇ,
ਸਾਡੀ ਭਭਕ ਸੁਣ ਕੇ ਵੈਰੀ ਭੱਜ ਉੱਠਿਆ।
ਮਿੱਟੀ ਵਿੱਚ ਮਨਸੂਬੇ ਸਭ ਦੁਸ਼ਮਣਾਂ ਦੇ,
ਮਿਲੇ ਸਾਡਾ ਜਵਾਨ ਜਾਂ ਗੱਜ ਉੱਠਿਆ।
ਜੀਂਦੇ ਆਏ ਹਾਂ ਮਰਦਾਂ ਦਾ ਜੀਣ ਮੁੱਢੋਂ,
ਭੀੜ ਬਣਨ ਤੇ ਖਾਲਸਾ ਜਗ ਉੱਠਿਆ।
ਸਾਡਾ ਇੱਕ-ਇੱਕ ਨਲੂਆ ਤੇ ਸਿੰਘ ਫੂਲਾ,
ਡਟਿਆ, ਬਿਗਲ ਤਾਂ ਫ਼ਤੇ ਦਾ ਵੱਜ ਉੱਠਿਆ।
ਦੇਸ਼, ਧਰਮ, ਗੌਰਵ, ਇੱਜ਼ਤ ਮਾਣ ਬਦਲੇ,
ਖ਼ਾਰੇ ਸਾਗਰਾਂ ਨੂੰ ਤਰਨਾ ਜਾਣਦੇ ਹਾਂ।
ਸ੍ਵੈ-ਮਾਣ, ਸੁਤੰਤਰਤਾ, ਦੇਸ਼ ਬਦਲੇ,
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ।

ਅਸੀਂ ਵਾਂਗ ਹਕੀਕਤ, ਹਕੀਕਤਾਂ ਲਈ,
ਸੌਦੇ ਸਿਰਾਂ ਵਾਲੇ ਕਰਨਾ ਜਾਣਦੇ ਹਾਂ।
ਪ੍ਰਿਥਵੀ ਰਾਜ ਚੌਹਾਨ, ਪ੍ਰਤਾਪ ਰਾਣਾ,
ਵਾਂਗ ਰਹਿ ਭੁੱਖੇ ਲੜਨਾ ਜਾਣਦੇ ਹਾਂ।



Sri Satguru Jagjit Singh Ji eLibrary NamdhariElibrary@gmail.com

ਸਾਡੀ ਗ਼ੈਰਤ ਨੂੰ ਉਂਗਲ ਵਿਖਾਏ ਜਿਹੜਾ,
ਉਸ 'ਤੇ ਗੜੇ ਵਾਂਗੂੰ ਵਰ੍ਹਨਾ ਜਾਣਦੇ ਹਾਂ।
ਸਾਡਾ ਨਾਮ ਲੈ ਕਾਬਲ ਕੰਧਾਰ ਕੰਬਣ,
ਪਾਣੀ ਗ਼ੈਰ ਦਾ ਨਾ ਭਰਨਾ ਜਾਣਦੇ ਹਾਂ।
ਸਾਡੀ ਧਾਂਕ ਜੰਮੀ ਵੈਰੀ ਦਿਲਾਂ ਅੰਦਰ,
ਮੁੜ-ਮੁੜ ਨਹੀਂ ਅੰਦਰ ਵੜਨਾ ਜਾਣਦੇ ਹਾਂ।
ਅਸੀਂ ਆਏ ਸ਼ਰਣਾਗਤ ਨੂੰ ਸ਼ਰਣ ਦਈਏ,
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ।

ਸਾਡੇ ਦੇਸ਼ ਵੱਲੇ ਕੈਰੀ ਅੱਖ ਕਰਕੇ,
ਜਿਹੜੀ ਝਾਕੇਗੀ ਅੱਖ ਉਹ ਕੱਢ ਦਿਆਂਗੇ।
ਅਮਨ-ਭੰਗ ਜੋ ਕਰੇ ਸਾਮਰਾਜ ਸਾਡਾ,
ਫਸਤਾ ਉਸ ਵਾਲਾ ਜੜੋਂ ਵੱਢ ਦਿਆਂਗੇ।
ਅਸੀਂ ਭਲਾ ਸਰਬੱਤ ਦਾ ਚਾਹੁਣ ਵਾਲੇ,
ਬੁਰਾ ਮੰਗੂ ਜੋ ਥਾਂ ਤੇ ਗੱਡ ਦਿਆਂਗੇ।
ਯਾਹੀਆ ਖਾਨ ਦੀ ਸਾਫ਼ ਮਿਸਾਲ ਸਾਹਵੇਂ,
ਸਿਰ ਜ਼ੁਲਮ ਦਾ ਰਗੜ ਕੇ ਵੱਢ ਦਿਆਂਗੇ।
ਸਾਨੂੰ ਮਾਣ ਹੈ ਆਪਣੇ ਫ਼ੌਜੀਆਂ ਤੇ,
ਰਾਖੀ ਹੱਦਾਂ ਉੱਤੇ ਕਰਨਾ ਜਾਣਦੇ ਹਾਂ।
ਪੈੱਟਨ ਟੈਂਕ ਅਮਰੀਕਾ ਦੇ ਅਸਾਂ ਭੰਨੇ,
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ।

ਸਾਡੇ ਫ਼ੌਜੀ ਜਵਾਨਾਂ ਦੇ ਦਸਤਿਆਂ ਤੋਂ,
ਚੀਨ ਅਜੇ ਤੱਕ ਦੁੰਬ-ਦਬਾਈ ਬੈਠੈ।
ਇੱਕ ਵਾਰ ਨਹੀਂ ਦੋ-ਤਿੰਨ ਵਾਰੀ,
ਪਾਕਿਸਤਾਨ ਵੀ ਖੁੰਬ-ਠਪਾਈ ਬੈਠੈ।
ਬਣਿਆ ਫਿਰਦੈ ਮੁਥਾਜ ਅਮਰੀਕਾ ਦਾ ਉਹ,
ਬੂਹੇ-ਬੂਹੇ ਤੇ ਅਲਖ ਜਗਾਈ ਬੈਠੈ।
ਜੋ ਬੰਗਲਾ ਦੇਸ਼ ਆਜ਼ਾਦ ਬੰਧੂ,
ਸਾਡੇ ਸਦਕਾ ਹੀ ਗਰਦਨ ਉਠਾਈ ਬੈਠੈ।



Sri Satguru Jagjit Singh Ji eLibrary NamdhariElibrary@gmail.com

ਅਸੀਂ ਆਪਣੇ ਹੱਕਾਂ ਲਈ ਰਹੇ ਲੜਦੇ,
ਹੱਕ ਕਿਸੇ ਦਾ ਨਹੀਂ ਹਰਨਾ ਜਾਣਦੇ ਹਾਂ।
ਹੱਕ, ਸੱਚ 'ਪ੍ਵਾਨਾ' ਇਨਸਾਫ਼ ਬਦਲੇ,
ਡਰਨਾ ਜਾਣਦੇ ਨਹੀਂ, ਮਰਨਾ ਜਾਣਦੇ ਹਾਂ।
***



Sri Satguru Jagjit Singh Ji eLibrary NamdhariElibrary@gmail.com

## ਜਿੰਦ ਜਾਨ ਪੰਜਾਬੀ ਪੰਜਾਬੀਆਂ ਦੀ

ਕਿਸੇ ਬਾਗ ਦੇ ਸੀਨੇ ਵਿੱਚ ਜਿਵੇਂ,
ਵਾੜੀ ਖਿੜੀ ਏ ਫੁੱਲ ਗੁਲਾਬੀਆਂ ਦੀ।
ਜਿਵੇਂ ਤਖ਼ਤ ਹਜ਼ਾਰੇ ਦੇ ਚੌਧਰੀ ਲਈ,
ਹੁੰਦੀ ਜ਼ਿੰਦਗੀ ਹੀਰ ਝਨਾਬੀਆਂ ਦੀ।
ਲਾਲ ਪਰੀ ਨਹੀਂ ਅੰਨ੍ਹੇ ਸ਼ਰਾਬੀਆਂ ਦੀ,
ਇਹ ਤਾਂ ਹੂਰ ਸਿਰਲੱਥ ਪੰਜਾਬੀਆਂ ਦੀ।
ਕਰਨ ਲਈ ਹਿਸਾਬ ਸ਼ਹਾਦਤਾਂ ਦਾ,
ਥੱਕ ਜਾਂਦੀ ਏ ਕਲਮ ਹਿਸਾਬੀਆਂ ਦੀ।
ਮਾਨ-ਮੱਤੇ ਪੰਜਾਬੀਆਂ ਯੋਧਿਆਂ ਨੇ,
ਆਕੜ ਭੰਨੀ ਔਰੰਗੇ ਨਵਾਬੀਆਂ ਦੀ।
ਭਾਰਤ ਮਾਂ ਦਾ ਦਿਲ ਪੰਜਾਬ ਜਿਵੇਂ,
ਜਿੰਦ ਜਾਨ ਪੰਜਾਬੀ ਪੰਜਾਬੀਆਂ ਦੀ।

ਚਿਰਾਂ ਤੋਂ ਮੈਂ ਵਾਸੀ ਪੰਜਾਬ ਦਾ ਹਾਂ,
ਅਤੇ ਬੋਲੀ ਪੰਜਾਬੀ ਹੀ ਬੋਲਦਾ ਹਾਂ।
ਹੋਇਆ ਕੀ ਜੇ ਸਿਰ ਤੇ ਕੇਸ ਕੋਈ ਨਹੀਂ,
ਤੱਕੜੀ ਮੈਂ ਪੰਜਾਬੀ ਵਿੱਚ ਤੋਲਦਾ ਹਾਂ।
ਮੇਰੀਆਂ ਰਗ਼ਾਂ ਵਿੱਚ ਖ਼ੂਨ ਪੰਜਾਬ ਦਾ ਹੈ,
ਬੇਸ਼ੱਕ ਬੁੱਲ੍ਹੀਆਂ 'ਚੋਂ ਇੰਗਲਿਸ਼ ਬੋਲਦਾ ਹਾਂ।
ਹਾਸਾ ਮੈਂ ਪੰਜਾਬੀ ਵਿੱਚ ਹੱਸਦਾ ਹਾਂ,
ਹੰਝੂ ਮੈਂ ਪੰਜਾਬੀ ਵਿੱਚ ਡੋਲ੍ਹਦਾ ਹਾਂ।
ਬੂਹੇ ਸਦਾ ਪੰਜਾਬੀ ਦੇ ਰਹਿਣ ਖੁੱਲੇ,
ਲੋੜ ਪਵੇ ਨਾ ਤਾਲ਼ਿਆਂ ਚਾਬੀਆਂ ਦੀ।
ਉੱਚਾ ਨਾਮ ਜਹਾਨ ਵਿੱਚ ਕਰਨ ਵਾਲੀ,
ਜਿੰਦ ਜਾਨ ਪੰਜਾਬੀ ਪੰਜਾਬੀਆਂ ਦੀ।

ਮੰਗੇ ਮਸਤੀਆਂ ਆਣ ਬਹਾਰ ਤੈਥੋਂ,
ਖਿੜੇ ਫੁੱਲਾਂ ਦੀ ਮਹਿਕੀ ਗੁਲਜ਼ਾਰ ਬਣ ਜਾ।
ਮੁਰਦਾ ਰੂਹਾਂ ਵਿੱਚ ਧੜਕਦਾ ਦਿਲ ਬਣ ਜਾ,
ਵੀਰਾਂ ਵਾਸਤੇ ਗਲ਼ੇ ਦਾ ਹਾਰ ਬਣ ਜਾ।



Sri Satguru Jagjit Singh Ji eLibrary NamdhariElibrary@gmail.com

ਤੈਥੋਂ ਰੋਸ਼ਨੀ ਲਵੇ ਜਹਾਨ ਸਾਰਾ,
ਉੱਚਾ ਏਕੇ ਦਾ ਰੋਸ਼ਨ ਮੀਨਾਰ ਬਣ ਜਾ।
ਦੇਸ਼ ਲਈ ਹਿਮਾਲਾ ਦੀ ਕੰਧ ਬਣ ਜਾ,
ਦੁਨੀਆਂ ਵਾਸਤੇ ਅਮਨ ਅਵਤਾਰ ਬਣ ਜਾ।
ਤਰਦੀ ਪੰਜ ਦਰਿਆਵਾਂ ਦੇ ਪਾਣੀਆਂ ਵਿੱਚ,
ਵਿਛੜ ਜਾਏ ਨਾ ਡਾਰ ਮੁਰਗ਼ਾਬੀਆਂ ਦੀ,
ਵਧੇ ਫੁੱਲੇ ਤੇ ਦੂਣ ਸਵਾਈ ਹੋਵੇ,
ਜਿੰਦ ਜਾਨ ਪੰਜਾਬੀ ਪੰਜਾਬੀਆਂ ਦੀ।
***



Sri Satguru Jagjit Singh Ji eLibrary NamdhariElibrary@gmail.com

## ਤੇਰਾ ਜੀਵਨ ਇਤਿਹਾਸ ਕੁਰਬਾਨੀਆਂ ਦਾ

ਆਲਮ ਫਾਜ਼ਲ ਤੇ ਰਹਿਮਤ ਦੇ ਪੁੰਜ ਅਰਜਨ,
ਤੇਰਾ ਜੀਵਨ ਸ਼ੁਰੂਆਤ ਕੁਰਬਾਨੀਆਂ ਦਾ।
ਤੇਰੀ ਦੇਣ ਨਹੀਂ ਯੁੱਗਾਂ ਤੱਕ ਭੁੱਲ ਸਕਦਾ,
ਸਿੱਖ ਪੰਥ ਜਿਗਰ ਹਿੰਦੁਸਤਾਨੀਆਂ ਦਾ।
ਤੁਸਾਂ ਦਿੱਤੀ ਸ਼ਹਾਦਤ ਜੋ ਅਣਖ ਬਦਲੇ,
ਖ਼ਤਮ ਦੌਰ ਕੀਤਾ ਪਸ਼ੇਮਾਨੀਆਂ ਦਾ।
ਤੇਰੇ ਦੱਸੇ ਹੋਏ ਰਾਹ ਦਾ ਰਿਹਾ ਪਾਂਧੀ,
ਅੱਜ ਤੀਕ ਜੱਥਾ ਬ੍ਰਹਮ-ਗਿਆਨੀਆਂ ਦਾ।
ਆਤਮ-ਰੂਹਿ ਦਰਸ਼ਨ ਹੈ ਜਗਯਾਸੂਆਂ ਲਈ,
ਤੇਰਾ ਜੀਵਨ ਇਤਿਹਾਸ ਕੁਰਬਾਨੀਆਂ ਦਾ।

ਰਜ਼ਾ ਰਾਜ਼ਕ ਰਹੀਮ ਦੇ ਸ਼ੁਕਰ ਅੰਦਰ,
ਰਾਜ਼ੀ ਹੋ ਅਡੋਲ-ਚਿੱਤ ਰਹੀਦਾ ਏ।
ਭਖਦੀ ਲਾਲ ਅੰਗਿਆਰਾਂ ਦਾ ਰੂਪ ਲੋਹ ਤੇ,
ਮਾਰ ਚੌਂਕੜਾ ਸ਼ਾਂਤ ਕਿੰਜ ਬਹੀਦਾ ਏ।
ਹੇਠੋਂ ਅੱਗ ਮਾਰੂ ਸਿਰ ਤੇ ਰੇਤ ਤੱਤੀ,
ਜ਼ੁਲਮ ਹੱਸ-ਹੱਸ ਫਿਰ ਵੀ ਸਹੀਦਾ ਏ।
ਮਿੱਠਾ ਲੱਗੇ ਤੇਰਾ ਭਾਣਾ ਮਿਹਰਵਾਨਾਂ,
ਉਚਰ ਉਚਰ ਮੁੱਖੋਂ ਸ਼ਬਦ ਕਹੀਦਾ ਏ।
ਜ਼ਬਰ ਜ਼ੁਲਮ ਅਨਿਆਂ ਅੰਧੇਰ ਗਰਦੀ,
ਵਾਲਾ ਝੁੱਲਿਆ ਝੱਖੜ ਹੈਰਾਨੀਆਂ ਦਾ।
ਕੌਣ ਏਸ ਸੱਚਾਈ ਤੋਂ ਹੋਇ ਮੁਨਕਰ,
ਤੇਰਾ ਜੀਵਨ ਇਤਿਹਾਸ ਕੁਰਬਾਨੀਆਂ ਦਾ।

ਬਾਣੀ ਧੁਰ ਦੀ ਧੁਰੋਂ ਜੋ ਹੋਈ ਨਾਜ਼ਲ,
ਜਿਨ੍ਹੇ ਦੱਸਿਆ ਪਥ ਗਿਆਨ ਵਾਲਾ।
ਭਗਤੀ-ਭਾਵ, ਵੈਰਾਗ ਤਿਆਗ ਮੋਹ ਦਾ,
ਬਖਸ਼ੀ ਆਤਮਾ ਨੂੰ ਜੀਅ-ਦਾਨ ਵਾਲਾ।
ਸਰਬ ਏਕਤਾ ਤੇ ਸਾਂਝੀਵਾਲਤਾ ਦਾ,
ਕੌਮੀ ਦਰਦ ਸਾਂਝਾ ਸਾਂਝਾ ਪਾਣ ਵਾਲਾ।



Sri Satguru Jagjit Singh Ji eLibrary NamdhariElibrary@gmail.com

ਅਮਰ ਬਾਣੀ ਨੂੰ ਆਦਿ ਗ੍ਰੰਥ ਅੰਦਰ,
ਜੋੜ ਕੀਤਾ ਸੰਗ੍ਰਹਿ ਕਲਿਆਣ ਵਾਲਾ।
ਚੰਨ ਦੂਜ ਦੇ ਭਾਨੀ ਦੇ ਨੂਰਿ ਆਲਮ,
ਖਤਮ ਦੌਰ ਕੀਤਾ ਪਸ਼ੇਮਾਨੀਆਂ ਦਾ।
ਸਿੱਖੀ ਪੰਥ ਦੇ ਬਾਨੀ ਸ਼ਹਾਦਤਾਂ ਦੇ,
ਤੇਰਾ ਜੀਵਨ ਇਤਿਹਾਸ ਕੁਰਬਾਨੀਆਂ ਦਾ।
***



Sri Satguru Jagjit Singh Ji eLibrary NamdhariElibrary@gmail.com

## ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ

ਬਦੀ ਬਦ-ਇਖ਼ਲਾਕੀ ਨੂੰ ਮੇਟਣੇ ਲਈ,
ਉੱਤਰ ਫ਼ਰਸ਼ ਤੇ ਆਪ ਭਗਵਾਨ ਆਇਆ।
ਸਿਦਕ ਸਬਰ ਦੀ ਬੰਨ੍ਹ ਕੇ ਰਾਸ ਪੱਲੇ,
ਸੁੱਤੇ ਜੱਗ ਨੂੰ ਕਰਨ ਗਿਆਨ ਆਇਆ।
ਹੈਂਕੜ ਹਉਮੈਂ ਹੰਕਾਰ 'ਚ ਮੱਤਿਆਂ ਨੂੰ,
ਸੁੱਚ ਸੰਜਮ ਦਾ ਰਾਹ ਵਿਖਾਉਣ ਆਇਆ।
ਦੀਨ ਦੁਖੀ ਮਜ਼ਲੂਮ ਦਾ ਬਣ ਹਾਮੀਂ,
ਬੇੜਾ ਧਰਮ ਵਾਲਾ ਬੰਨੇਂ ਲਾਉਣ ਆਇਆ।
ਝੂਠ, ਵਹਿਮ, ਪਾਖੰਡ ਦਾ ਪਾੜ ਪਰਦਾ,
ਦਇਆ, ਧਰਮ, ਅਹਿੰਸਾ ਫੈਲਾਉਣ ਆਇਆ।
ਸੋਮਾਂ ਸ਼ਾਂਤੀ ਤੇ ਸਾਂਝੀਵਾਲਤਾ ਦਾ,
ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ।

ਸਾਰੀ ਦੁਨੀਆਂ ਤੇ ਪਾਪ ਪ੍ਰਧਾਨ ਹੋਇਆ,
ਰਾਖੇ ਅਮਨ ਪੁਜਾਰੀ ਸ਼ੈਤਾਨ ਬਣ ਗਏ।
ਉੱਡਿਆ ਦਿਲਾਂ 'ਚੋਂ ਦਰਦ ਮਨੁੱਖਤਾ ਦਾ,
ਦਰਦੋਂ ਖਾਲੀ ਇਨਸਾਨ ਹੈਵਾਨ ਬਣ ਗਏ।
ਤੀਰ ਕਸਿਆ ਵੀਰ ਨੇ ਵੀਰ ਦੇ ਲਈ,
ਰਾਜੇ ਪਰਜਾ ਲਈ ਜ਼ੁਲਮੀ ਤੂਫ਼ਾਨ ਬਣ ਗਏ।
ਕੂੜ ਫੈਲਿਆ ਸੱਚ ਅਲੋਪ ਹੋਇਆ,
ਧਰਮ ਸਥਲ ਨੇ ਜ਼ੁਲਮਸਥਾਨ ਬਣ ਗਏ।
ਗਊ ਅਤੇ ਗਰੀਬ ਦੀ ਆਹ ਸੁਣ ਕੇ
ਦਿਲ ਵਿੱਚ ਧਾਰ ਗਰੀਬੀ ਭਗਵਾਨ ਆਇਆ।
ਧੁਜਾ ਧਰਮ ਦੀ ਤੇ ਸਾਂਝਾ ਬਣ ਸਭਦਾ,
ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ।

ਆ ਕੇ ਦਿੱਤਾ ਪੈਗ਼ਾਮ ਉਸ ਏਕਤਾ ਦਾ,
ਆਪਸ ਵਿੱਚ ਸੱਭੇ ਖੰਡ ਖੀਰ ਹੋ ਜਾਓ।
ਨਫ਼ਰਤ ਰੋਗ ਨੂੰ ਦਿਲਾਂ 'ਚੋਂ ਕੱਢ ਦੇਵੋ,
ਇੱਕ ਖ਼ਾਲਕ ਦੀ ਇੱਕੋ ਤਸਵੀਰ ਹੋ ਜਾਓ।



Sri Satguru Jagjit Singh Ji eLibrary NamdhariElibrary@gmail.com

ਆਪਸ ਵਿੱਚ ਹਾਂ ਅਸੀਂ ਇਨਸਾਨ ਸੱਭੇ,
ਉੱਚੇ ਨੀਵੇਂ ਰਲ਼ ਕੇ ਦਾਮਨਗੀਰ ਹੋ ਜਾਓ।
ਜੜ੍ਹ ਈਰਖਾ ਦੀ ਮੁੱਢੋਂ ਵੱਢ ਦੇਵੋ,
ਰੋਵੇ ਇੱਕ ਤਾਂ ਬਾਕੀ ਅਕਸੀਰ ਹੋ ਜਾਓ।
ਮਸਤੀ ਨਾਮ ਦੀ ਵਿੱਚ ਮਖ਼ਮੂਰ ਹੋ ਕੇ,
ਲੋਕ-ਲਾਜ ਦਾ ਝੰਡਾ ਝੁਲਾਉਣ ਆਇਆ।
ਜਾਮਾਂ ਨਾਨਕ ਦਾ ਵਿੱਚੋਂ ਭਗਵਾਨ ਐਪਰ,
ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ।

ਰਾਇ ਭੋਇ ਤਲਵੰਡੀ ਵਿੱਚ ਗ੍ਰਹਿ ਕਾਲੂ,
ਭਾਗ ਤ੍ਰਿਪਤਾ ਦੀ ਗੋਦ ਨੂੰ ਲਾਉਣ ਆਇਆ।
ਬਣ ਕੇ ਨਾਨਕੀ ਵੀਰ ਸਫ਼ੀਰ ਅਰਸ਼ੀ,
ਕੋਝੇ ਰਸਮੋਂ ਰਿਵਾਜ਼ ਮਿਟਾਉਣ ਆਇਆ।
ਕਿਤੇ ਵਲੀ ਦਾ ਤੋੜਿਆ ਮਾਣ ਜਾ ਕੇ,
ਕਿਤੇ ਕੌਡੇ ਨੂੰ ਗਿਆਨ ਵਰਤਾਉਣ ਆਇਆ।
ਕਿਤੇ ਕਿਰਤੀ ਦੀ ਕਿਰਤ ਨੂੰ ਮਾਣ ਦਿੱਤਾ,
ਕਿਤੇ ਭਾਗੋ ਦੇ ਖਾਣੇ ਠੁਕਰਾਉਣ ਆਇਆ।
ਜਿੱਥੋਂ ਸਾਰੇ ਸੰਸਾਰ ਨੂੰ ਮਿਲੇ ਚਾਨਣ,
ਐਸੀ ਪਿਆਰ ਦੀ ਸ਼ਮ੍ਹਾਂ ਜਗਾਉਣ ਆਇਆ।
ਜੀਵਨ ਬਖਸ਼ ਕੇ ਨਵਾਂ ਪ੍ਰਵਾਨਿਆਂ ਨੂੰ,
ਦੁਖੀ ਦਿਲਾਂ ਦਾ ਦਰਦ ਵੰਡਾਉਣ ਆਇਆ।
***



Sri Satguru Jagjit Singh Ji eLibrary NamdhariElibrary@gmail.com

## ਜੀਵਨ ਦੇ ਦਿਨ ਚਾਰ

ਜੀਵਨ ਦੇ ਦਿਨ ਚਾਰ,
ਪ੍ਰਾਣੀ ਜੀਵਨ ਦੇ ਦਿਨ ਚਾਰ।
ਛੱਡਣਾ ਇਹ ਸੰਸਾਰ ਤੂੰ,
ਇੱਕ ਦਿਨ ਛੱਡਣੀ ਇਹ ਗੁਲਜ਼ਾਰ।

ਦੁਨੀਆਂ ਦੇ ਇਹ ਰੰਗ ਤਮਾਸ਼ੇ।
ਝੂਠੇ ਸਭ ਰੋਣੇ ਤੇ ਹਾਸੇ।
ਝੂਠੇ ਕੌਲ ਕਰਾਰ, ਪ੍ਰਾਣੀ ਜੀਵਨ...

ਚੰਦ ਰੋਜ਼ ਇਹ ਰੂਪ ਜਵਾਨੀ।
ਇੱਥੇ ਕੁਝ ਦਿਨ ਦੀ ਮਹਿਮਾਨੀ।
ਇੱਕ ਘੜੀ ਦਾ ਨਹੀਂ ਇਤਬਾਰ, ਪ੍ਰਾਣੀ ਜੀਵਨ...

ਕਾਹਨੂੰ ਫੁੱਲ-ਫੁੱਲ ਹੋਨੈਂ ਦੂਹਰਾ।
ਮਾਇਆ ਦਾ ਭਰਵਾਸਾ ਕੂੜਾ।
ਝੂਠੇ ਦਾਹਵੇਦਾਰ, ਪ੍ਰਾਣੀ ਜੀਵਨ...

ਮਾਇਆ ਨਾਗਿਨ ਡੰਗ ਚਲਾਏ।
ਗਿਰਗਿਟ ਵਾਂਗੂੰ ਰੰਗ ਵਿਖਾਏ।
ਸਭ ਨੂੰ ਛਲਣਹਾਰ, ਪ੍ਰਾਣੀ ਜੀਵਨ...

ਰਾਜੇ ਰਾਣੇ ਤੇ ਜ਼ਰਵਾਣੇ।
ਪੀਰ ਪੈਗੰਬਰ ਤੇ ਮੌਲਾਣੇ।
ਤੁਰ ਗਏ ਕੰਨੀਆਂ ਝਾੜ, ਪ੍ਰਾਣੀ ਜੀਵਨ...

ਕਾਰੂ ਕਈ ਸਿਕੰਦਰ ਤੁਰ ਗਏ।
ਰਾਵਣ, ਰਾਮ ਪੈਗੰਬਰ ਤੁਰ ਗਏ।
ਤੂੰ ਕਿਸਦਾ ਪਾਣੀਹਾਰ, ਪ੍ਰਾਣੀ ਜੀਵਨ...



Sri Satguru Jagjit Singh Ji eLibrary NamdhariElibrary@gmail.com

ਕਰ ਲੈ ਨੇਕ ਕਮਾਈ ਬੰਦਿਆ।
ਬਾਝੋਂ ਸ਼ੁਭ ਅਮਲਾਂ ਤੋਂ ਗੰਦਿਆ।
ਭਜ ਲੈ ਨਾਮ ਮੁਰਾਰ, ਪ੍ਰਾਣੀ ਜੀਵਨ...

ਜਨਮ ਅਮੋਲਕ ਹੱਥ ਨਹੀਂ ਆਉਣਾ।
ਬੀਤ ਗਿਆ ਫਿਰ ਪਊ ਪਛਤਾਉਣਾ।
ਸਿਰ ਤੇ ਕਾਲ ਸਵਾਰ, ਪ੍ਰਾਣੀ ਜੀਵਨ...

ਲੱਗ ਜਾ ਲੜ ਸਤਿਗੁਰ ਦੇ ਪਰਨੇ।
ਜੇ ਨਹੀਂ ਦੰਡ ਜਮਾਂ ਦੇ ਭਰਨੇ।
ਇੱਕ ਪਲ ਨਾ ਮਨੋਂ ਵਿਸਾਰ, ਪ੍ਰਾਣੀ ਜੀਵਨ...

ਭੁਗਤ ਜੁਗਤ ਜੇ ਮੁਕਤੀ ਚਾਹੁੰਨੈਂ।
ਕਾਹਨੂੰ ਸਮਾਂ ਵਿਅਰਥ ਗਵਾਉਂਨੈਂ।
'ਪ੍ਰਵਾਨਾ' ਰਹੁ ਹੁਸ਼ਿਆਰ, ਪ੍ਰਾਣੀ ਜੀਵਨ...
***



Sri Satguru Jagjit Singh Ji eLibrary NamdhariElibrary@gmail.com

## ਕੋਈ ਐਸਾ ਦੀਪ ਜਲਾ ਦੇ

ਕੋਈ ਐਸਾ ਦੀਪ ਜਲਾ,
ਕੁੱਲ ਦੇਵੇ ਮੇਟ ਹਨੇਰੇ।
ਖ਼ੁਸ਼ਬੂ ਦੀ ਪਟਾਰੀ ਖੁੱਲ੍ਹ ਜੇ,
ਜਾ ਖਿਲਰੇ ਮਹਿਕ ਚੁਫ਼ੇਰੇ।

ਹੱਥ ਅਮਨ ਦਾ ਤੇਸਾ ਫੜ ਕੇ,
ਨਫ਼ਰਤ ਦੀਆਂ ਖੁੰਘੀਆਂ ਲਾਹ ਦੇ।
ਹਰ ਇੱਕ ਨੂੰ ਬਣਾ ਲੈ ਆਪਣਾ,
ਹੰਕਾਰ ਦੇ ਕਿੰਗਰੇ ਢਾਹ ਦੇ।
ਉਲਫ਼ਤ ਦਾ ਛਾਤਾ ਤਾਣੀ,
ਵਧਦਾ ਰਹੁ ਸਿਖ਼ਰ ਦੁਪਹਿਰੇ।
ਕੋਈ ਐਸਾ...

ਵੱਖਰੇ ਨੇ ਰਸਤੇ ਬੇਸ਼ੱਕ,
ਪਰ ਮੰਜ਼ਿਲ ਇੱਕ ਨਿਸ਼ਾਨਾ।
ਭੁੱਖ ਮੇਟ ਕੰਗਾਲੀ ਜੱਗ ਦੀ,
ਕਰ ਦੇਸ਼ ਸਵਰਗ ਸੁਹਾਨਾ।
ਦਏ ਪਿਆਰ ਸੰਦੇਸ਼ਾ ਪੰਛੀ,
ਹਰ ਇੱਕ ਦੇ ਬੈਠ ਬਨੇਰੇ।
ਕੋਈ ਐਸਾ...

ਸਿੱਖ-ਹਿੰਦੂ ਟਾਹਣ ਬ੍ਰਿਛ ਦੇ,
ਮੁੱਢ ਸਭ ਦਾ ਇੱਕ ਪੁਰਾਣਾ।
ਨਿੱਤ ਕਰ-ਕਰ ਨਵੇਂ ਹੰਗਾਮੇਂ,
ਗੁਲਸ਼ਨ ਅੰਗਾਰ ਬਣਾ ਨਾ।
ਰਹੇ ਜਾਨ ਵਾਰਦੇ ਸਭ ਲਈ,
ਸਭ ਤੇਰੇ ਵੱਡੇ-ਵਡੇਰੇ।
ਕੋਈ ਐਸਾ...



Sri Satguru Jagjit Singh Ji eLibrary NamdhariElibrary@gmail.com

ਪਾਣੀ ਵਿੱਚ ਲਾ ਲਾ ਅੱਗਾਂ,
ਲੂੰਹਦਾ ਨਾ ਰਹੁ ਬਹਾਰਾਂ।
ਇੱਕ ਬਣ ਕੇ ਨਾਗ ਜ਼ਹਿਰੀਲਾ,
ਮਾਰੀ ਨਾ ਜਾ ਫ਼ੁੰਕਾਰਾਂ।
ਖੁਸ਼ੀਆਂ ਦਾ ਇਹ ਗੁਲਦਸਤਾ,
ਖਿੜਦਾ ਰਹੇ ਤੋੜ ਕੇ ਘੇਰੇ।
ਕੋਈ ਐਸਾ...

ਜਿੰਨਾਂ ਹੈ ਮੰਜ਼ਿਲ ਪੁੱਜਣਾਂ,
ਉਹ ਰਸਤੇ ਵਿੱਚ ਨਹੀਂ ਬਹਿੰਦੇ।
ਲੈ ਪੁੱਠੇ ਸਿੱਧੇ ਪੰਗੇ,
ਨਹੀਂ ਆਪਸ ਦੇ ਵਿੱਚ ਖਹਿੰਦੇ।
ਉਹ ਸਰ ਹੋਣੀਆਂ ਕਰਦੇ,
ਰੱਖ ਪਰਬਤ ਜੇਡੇ ਜੇਰੇ।
ਕੋਈ ਐਸਾ...

ਇਸ ਦੇਸ਼ ਉਸਾਰੀ ਵਿੱਚ ਤੂੰ,
ਪਾਉਂਦਾ ਰਹੁ ਯੋਗ ਘਨੇਰਾ।
ਰੱਖ ਹਿੰਮਤ ਲਗ਼ਨ ਦਲੇਰੀ,
ਮਿਹਨਤ ਵਿੱਚ ਜੁੱਟ ਪਉ ਸ਼ੇਰਾ।
'ਪ੍ਵਾਨਾ' ਮੇਟ ਕੇ ਖੁੰਧਕਾਂ,
ਕਰ ਉਜਾਲੇ ਸ਼ਾਮ ਸਵੇਰੇ।
ਕੋਈ ਐਸਾ....
***



Sri Satguru Jagjit Singh Ji eLibrary NamdhariElibrary@gmail.com

## ਪਿਤਾ ਵੱਲੋਂ ਧੀ ਨੂੰ ਸਿੱਖਿਆ

ਲਾਡਾਂ ਪਲ਼ੀਏ ਧੀਏ ਲਡਿੱਕੀਏ ਨੀ,
ਹੋਇਆ ਅੱਜ ਤੋਂ ਵੱਖ ਨਸੀਬ ਤੇਰਾ।
ਦੁਲਹਨ ਬਣ ਇਸ ਘਰ 'ਚੋਂ ਵਿਦਾ ਹੋਣਾ,
ਸਮਾਂ ਆ ਗਿਆ ਜਾਪੇ ਕਰੀਬ ਤੇਰਾ।
ਦੁੱਖ ਸੁੱਖ ਦਾ ਜਿਨ੍ਹੇਂ ਭਿਆਲ ਬਣਨਾ,
ਬਣ ਕੇ ਆ ਗਿਆ ਉਹ ਹਬੀਬ ਤੇਰਾ।
ਬਣੇਂ ਬੁੱਢ ਸੁਹਾਗਣ ਤੇ ਰਾਜ ਮਾਣੇਂ,
ਹੋਵੇ ਕੋਈ ਨਾ ਧੀਏ ਰਕੀਬ ਤੇਰਾ।
ਬਣਿਆ ਧੁਰੋਂ ਸੰਜੋਗ ਅਟੱਲ ਜਿਹੜਾ,
ਉਹਦੇ ਨਾਲ ਤੇਰਾ ਨਾਤਾ ਜੋੜ ਰਹੇ ਹਾਂ।
ਜੋੜੀ ਜੋੜ ਰਹੇ ਐਪਰ ਪਰਿਵਾਰ ਵਿੱਚੋਂ,
ਮਣਕਾ ਕੀਮਤੀ ਇੱਕ ਤਰੋੜ ਰਹੇ ਹਾਂ।

ਚੋਗ਼ ਧੀਆਂ ਦੀ ਵੱਖ ਖਿਲਾਰ ਛੱਡੀ,
ਰੱਖ ਸਕਿਆ ਕੋਈ ਨਾ ਘਰ ਧੀਆਂ।
ਪਾਲਣ ਪੋਸਣ ਤੇ ਲਾਡ ਲਡਾਉਣ ਮਾਪੇ,
ਐਪਰ ਹੋਰ ਲਿਜਾਣ ਹੀ ਵਰ ਧੀਆਂ।
ਮਾਪੇ ਭੈਣਾਂ ਭਰਜਾਈਆਂ ਸਹੇਲੀਆਂ ਤੋਂ,
ਹੋ ਜਾਂਦੀਆਂ ਵੱਖ ਅਕਸਰ ਧੀਆਂ।
ਟੁਕੜਾ ਜਿਗ਼ਰ ਦਾ ਜਿਗ਼ਰ ਤੋਂ ਵੱਖ ਕਰਕੇ,
ਫਿਰ ਵੀ ਆਖੀਦੈ ਲੱਖ ਸ਼ੁਕਰ ਧੀਆਂ।
ਪੱਥਰ ਦਿਲ ਕਿਹੜਾ ਤੋਰਨ ਧੀ ਵੇਲੇ,
ਛਮ-ਛਮ ਅੱਖੀਓਂ ਨੀਰ ਵਗਾਂਵਦਾ ਨਹੀਂ।
ਮੋਹ ਮਮਤਾ ਦੇ ਡੂੰਘੇ ਸਮੁੰਦਰਾਂ ਵਿੱਚ,
ਗੋਤੇ ਦਰਦ ਵਿਛੋੜੇ ਦੇ ਖਾਂਵਦਾ ਨਹੀਂ।

ਅੱਜ ਤੀਕ ਤੂੰ ਸੋਭਾ ਸੈਂ ਏਸ ਘਰ ਦੀ,
ਸਹੁਰੇ ਘਰ ਦਾ ਹੁਣ ਸ਼ਿੰਗਾਰ ਬਣਨਾ।
ਸੱਸ ਸਹੁਰੇ ਨਨਾਣਾਂ ਦੀ ਇੱਜ਼ਤ ਕਰਕੇ,
ਘਰ ਦੇ ਜੀਅ-ਜੀਅ ਦੀ ਕਦਰਦਾਰ ਬਣਨਾ।



Sri Satguru Jagjit Singh Ji eLibrary NamdhariElibrary@gmail.com

ਏਸ ਘਰ ਦੇ ਰਾਜ਼ ਨਾ ਕਿਤੇਂ ਖੋਲ੍ਹੀਂ,
ਰਾਜ਼ਾਂ ਸਹੁਰਿਆਂ ਦੇ ਦੀ ਕੁੰਜੀਦਾਰ ਬਣਨਾ।
ਮੰਨੀਂ ਪਤੀ ਪਰਮੇਸ਼ਰ ਤੇ ਕਰੀ ਪੂਜਾ,
ਜਿੰਦ ਜਾਨ ਉਹਦੀ ਵਫ਼ਾਦਾਰ ਬਣਨਾ।
ਕਰਨੀ ਕਦੇ ਵਡਿਆਈ ਨਾ ਪੇਕਿਆਂ ਦੀ,
ਸਹੁਰੇ ਘਰ ਦੀ ਸੋਭਾ ਦਿਨ ਰਾਤ ਕਰਨੀ।
ਟੁੱਟਣ ਸਿਰ ਪਹਾੜ ਮੁਸੀਬਤਾਂ ਦੇ,
ਖਿੜੇ ਮੱਥੇ ਹਰੇਕ ਦੀ ਬਾਤ ਜਰਨੀ।

ਕਹੀਆਂ ਜਾਣ ਧੀਆਂ ਉਹ ਸੁੱਘੜ ਜੱਗ ਵਿੱਚ,
ਹੁੰਦੇ ਮਾਣ ਨਿਮਾਣੀਆਂ ਰਹਿੰਦੀਆਂ ਜੋ।
ਸਾਂਭ ਸਿਮਟ ਕੁੜੱਤਣਾਂ ਸਮੇਂ ਦੀਆਂ,
ਜਰੀ ਜਾਣ ਮੂੰਹੋਂ ਕੁਝ ਨਾ ਕਹਿੰਦੀਆਂ ਜੋ।
ਮਿੱਠਾ ਬੋਲਣ ਤੇ ਸਦਾ ਨਿਉਂ ਚੱਲਣ,
ਬੋਲ ਅਤੇ ਕੁਬੋਲ ਵੀ ਸਹਿੰਦੀਆਂ ਜੋ।
ਉੱਦਮ ਧਾਰ ਹੱਥੀਂ ਕੰਮ ਕਰਨ ਸਾਰਾ,
ਆਲਸ ਵਿੱਚ ਨਾ ਵਿਹਲੀਆਂ ਬਹਿੰਦੀਆਂ ਜੋ।
ਹੁੰਦਾ ਕੰਮ ਪਿਆਰਾ ਨਾ ਚੰਮ ਹੁੰਦਾ,
ਕਹਿ ਗਏ ਦਾਨੇ ਅਟੱਲ ਸੱਚਾਈ ਹੈ ਇਹ।
ਮਿਟ ਜਾਣ ਝਗੜੇ ਨੂੰਹਾਂ ਸੱਸਾਂ ਵਾਲੇ,
ਉੱਤਮ ਸਭ ਪੜ੍ਹਾਈਓਂ ਪੜ੍ਹਾਈ ਹੈ ਇਹ।

ਲੈ ਲੌ ਧੀਆਂ ਪਰ ਰੱਖਿਓ ਯਾਦ ਗੱਲ ਇਹ,
ਟੁਕੜਾ ਸਮਝ ਕੇ ਜਿਗਰ ਦਾ ਰੱਖਣਾ ਜੇ।
ਤਾਹਨੇ ਮਿਹਣੇ ਦੇ ਇਹਨੂੰ ਨਾ ਨੋਚਣਾ ਜੇ,
ਮੋਤੀ ਸਮਝ ਨਾਜ਼ੁਕ ਫ਼ਿਕਰ ਰੱਖਣਾ ਜੇ।
ਹੈ ਅਣਜਾਣ ਜੇ ਭੁੱਲੇ ਸਮਝਾ ਦੇਣਾ,
ਇਹਦਾ ਮਾਣ ਤੁਸਾਂ ਫ਼ਿਕਰ ਰੱਖਣਾ ਜੇ।
ਬਣ ਕੇ ਵਾੜ ਇਹਦੀ ਰਾਖੀ ਸਦਾ ਕਰਨੀ,
ਇਹਦਾ ਖ਼ਿਆਲ ਹਸ਼ਰ ਤੀਕ ਰੱਖਣਾ ਜੇ।



Sri Satguru Jagjit Singh Ji eLibrary NamdhariElibrary@gmail.com

ਵਧੇ ਫੁੱਲੇਂ ਧੀਏ ਇਜ਼ਤ ਮਾਣ ਪਾਵੇਂ,
ਹੈ ਅਸੀਸ ਇਹ ਬਾਬਲ ਨਿਮਾਨੜੇ ਦੀ।
ਲੱਖ-ਲੱਖ 'ਪ੍ਰਵਾਨਾ' ਵਧਾਈ ਹੋਵੇ,
ਜੋੜੀ ਰਹੇ ਸਲਾਮਤ ਇਸ ਹਾਨੜੇ ਦੀ।
***



Sri Satguru Jagjit Singh Ji eLibrary NamdhariElibrary@gmail.com

## ਰੁੱਸ ਤੁਰ ਗਿਆ ਮਾਹੀ

ਰੁੱਸ ਤੁਰ ਗਿਆ ਮਾਹੀ ਪਤਾ ਦੇ ਗਿਆ ਨਾ ਕੋਈ।
ਕਿੱਥੋਂ ਲੱਭਾਂ ਉਹਨੂੰ  ਜਾ ਕੇ ਨੀਂ ਮੈਂ ਮੋਈ ਹੁਣ ਮੋਈ
ਰੁੱਸ ਤੁਰ...

ਲੱਖ ਮਿੰਨਤਾਂ ਮੈਂ ਪਾਈਆਂ, ਉਹਨੇ ਇੱਕ ਵੀ ਨਾ ਮੰਨੀ।
ਮੈਥੋਂ ਰੋਂਦੀ ਕੁਰਲਾਂਦੀ ਤੋਂ ਛੁਡਾ ਗਿਆ ਉਹ ਕੰਨੀ।
ਮੇਰੇ ਸ਼ਗਨਾਂ ਦੀ ਮਹਿੰਦੀ ਰਤਾ ਮੈਲ਼ੀ ਵੀ ਨਾ ਹੋਈ।
ਰੁੱਸ ਤੁਰ....

ਮੈਂ ਸਾਂ ਅੱਲੜ੍ਹ ਅਭੋਲ ਮੇਰੇ ਚਾਅ ਵੀ ਕੁਆਰੇ।
ਮੇਰਾ ਹੁਸਨ ਸ਼ਬਾਬ ਮੈਨੂੰ ਦਿਨੇ ਰਾਤ ਸਾੜੇ।
ਬਰਸਨ ਬ੍ਰਿਹੋਂ ਅੰਗਾਰ, ਅੱਗ ਮੱਚ ਹੈ ਖਲੋਈ।
ਰੁੱਸ ਤੁਰ...

ਸਈਆਂ ਕੰਤੇ ਰੱਤੀਆਂ ਮਨਾਉਣ ਰੰਗ ਰਲ਼ੀਆਂ।
ਭਰੇ ਦੁਨੀਆਂ ਦੇ ਮੇਲੇ 'ਚ ਅਭਾਗੀ ਮੈਂ ਇਕੱਲੀ ਆਂ।
ਨੀਂ ਮੈਂ ਹਾਰੇ ਹੋਏ ਜੁਆਰੀ ਵਾਂਗ ਫਿਰਾਂ ਖੋਈ-ਖੋਈ।
ਰੁੱਸ ਤੁਰ...

ਮੇਰੇ ਮੱਥੇ ਮੜ੍ਹ ਕੋਈ ਤੇ ਕਸੂਰ ਚੰਨਾਂ ਜਾਂਦੋਂ।
ਦਿਲ ਹਿਜ਼ਰਾਂ ਦਾ ਬਾਲ ਨ ਤੰਦੂਰ ਚੰਨਾਂ ਜਾਂਦੋਂ।
ਕਿਸੇ ਨਾਲ ਨਾ ਅਜਿਹੀ 'ਪ੍ਰਵਾਨਾ' ਕਰੇ ਕੋਈ।
ਰੁੱਸ ਤੁਰ...
***



Sri Satguru Jagjit Singh Ji eLibrary NamdhariElibrary@gmail.com

## ਅਮਨ ਏਕਤਾ ਮੰਗੋ ਪੰਜਾਬ ਅੰਦਰ

ਜ਼ਰ ਜ਼ੋਰੂ ਜ਼ਮੀਨ ਦੇ ਲਈ ਬੰਦਾ,
ਆਇਆ ਜੂਝਦਾ ਲਿਖਿਆ ਹਰ ਬਾਬ ਅੰਦਰ।
ਅਣਖ ਧਰਮ ਬਦਲੇ ਜਾਂ ਫਿਰ ਘਾਣ ਲੱਥੇ,
ਮੱਚੀ ਜੰਗ ਖ਼ਿਦਰਾਣੇ ਦੀ ਢਾਬ ਅੰਦਰ।
ਜੰਗਿ-ਅਮਨ ਆਜ਼ਾਦੀ ਦੇ ਹਵਨ ਕੁੰਡ ਵਿੱਚ,
ਲੱਖਾਂ ਹੋਏ ਸ਼ਹੀਦ ਸਵਾਬ ਅੰਦਰ।
ਬੰਦੇ ਰੱਬ ਦੇ ਕੋਹੀ ਨਿਰਦੋਸ਼ ਜਾਣੇ,
ਕਿਹੜੀ ਲਿਖਿਆ ਨਬੀਉਲ ਕਿਤਾਬ ਅੰਦਰ।
ਖਿੜੇ ਚਮਨ ਆਜ਼ਾਦੀ ਦੇ ਬਾਗ਼ਬਾਨੋ,
ਬਹਿ ਜਾਏ ਭੂੰਡ ਨ ਵੜ ਗੁਲਾਬ ਅੰਦਰ।
ਬੁੱਧੀ ਜੀਵੀਓ ਦੇਸ਼ ਦੇ ਕਰਣਧਾਰੋ,
ਅਮਨ ਏਕਤਾ ਮੰਗੋ ਪੰਜਾਬ ਅੰਦਰ।

ਬਾਬਾ ਨਾਨਕਾ ਰਹਿਮਤ ਦੀ ਕਰ ਵਰਖਾ,
ਛੇੜ ਮਿੱਠੜੀ ਤਾਨ ਰਬਾਬ ਅੰਦਰ।
ਸਾਂਝ ਦਿਲਾਂ ਦੀ ਪੁੰਗਰੇ ਗਿਆਨ ਹੋਵੇ,
ਪੈਰ ਰੱਖਦੇ ਸਾਰ ਰਕਾਬ ਅੰਦਰ।
ਸਾਂਝੀਵਾਲ ਸੱਦਾਉਂਦੇ ਸਭ ਦਿਸਣ,
ਦਿੱਸੇ ਫ਼ਰਕ ਨਾ ਸਾਹਬ ਜ਼ਨਾਬ ਅੰਦਰ।
ਹੰਸ ਮਾਨ ਸਰੋਵਰ ਤੋਂ ਚੁਗ਼ਣ ਮੋਤੀ,
ਭਾਲਣ ਡੱਡੀਆਂ ਬੱਗ ਤਾਲਾਬ ਅੰਦਰ।
ਸੱਤਾਧਾਰੀ ਹਕੂਮਤ ਦੇ ਹੱਕਦਾਰੋ,
ਲੱਭੋ ਹੱਲ ਪੜਚੋਲ ਹਿਸਾਬ ਅੰਦਰ।
ਚਹਿਕੇ ਟਹਿਕੇ ਪੰਜਾਬ ਗੁਲਾਬ ਵਾਂਗੂੰ,
ਅਮਨ ਏਕਤਾ ਮੰਗੋ ਪੰਜਾਬ ਅੰਦਰ।

ਵੰਡੇ ਬਰਕਤਾਂ ਜੱਗ ਨੂੰ ਦਏ ਚਾਨਣ,
ਹੁੰਦੀ ਤਪਸ਼ ਵੀ ਏ ਆਫ਼ਤਾਬ ਅੰਦਰ।
ਸੁਹਜ ਸੁੰਦਰਤਾ ਅਣਖ ਪੰਜਾਬੀਆਂ ਦੀ,
ਲੁਕੀ ਰਹੇ ਨਾ ਕਿਸੇ ਨਕਾਬ ਅੰਦਰ।



Sri Satguru Jagjit Singh Ji eLibrary NamdhariElibrary@gmail.com

ਜੀਣ ਮਰਨ ਹੰਝੂ ਹਉਕੇ ਰੋਣ ਹਾਸੇ,
ਸਾਂਝੇ ਇੱਕੋ ਮਿਜ਼ਾਜ਼ ਸ਼ਬਾਬ ਅੰਦਰ।
ਨੇਕੀ ਕਾਰ ਪ੍ਰੀਤ ਤੇ ਧਰਮ ਸਾਂਝਾ,
ਸਾਂਝ ਬਣੇ ਬਿਆਸ ਝਨਾਬ ਅੰਦਰ।
ਜੀਅ ਦਇਆ ਅਠਾਹਠ ਪੁੰਨ ਤੀਰਥਾਂ ਦਾ,
ਡੁੱਬ੍ਹੋ ਬਦੀ ਦੀ ਨਾ ਹਿੰਸਕ ਢਾਬ ਅੰਦਰ।
ਪਾਸੇ ਰੱਖ ਕੇ ਨਿੱਜੀ ਮੁਫ਼ਾਦ ਸਾਰੇ,
ਅਮਨ ਏਕਤਾ ਮੰਗੋ ਪੰਜਾਬ ਅੰਦਰ।

ਸੱਜਣ ਠੱਗ ਤੇ ਕੌਡੇ ਰਾਖਸ਼ਾਂ ਦੀ,
ਗਿਣਤੀ ਰਹੀ ਨਾ ਕਿਸੇ ਹਿਸਾਬ ਅੰਦਰ।
ਬਗਲ ਵਿੱਚ ਛੁਰੀ ਰਾਮ-ਰਾਮ ਮੂੰਹੋਂ,
ਫਿਰਦੇ ਦਾਵ ਤਕਾਈ ਵਹਾਬ ਅੰਦਰ।
ਹੋਲੀ ਖ਼ੂਨ ਦੀ ਖੇਡੀ ਨਿੱਤ ਜਾਂਦੀ,
ਰੋਵੇ ਮਾਨਵਤਾ ਖ਼ੂਨੀ ਸਲ੍ਹਾਬ ਅੰਦਰ।
ਹੁਣ ਤਾਂ ਰਾਮ ਈ ਰਾਖਾ ਏ ਜ਼ਿੰਦਗੀ ਦਾ,
ਜਿੰਦ ਫਸੀ ਏ ਬੜੇ ਅਜ਼ਾਬ ਅੰਦਰ
ਵੀਰ-ਵੀਰ ਦਾ ਹੋ ਗਿਆ ਖ਼ੂਨ ਚਿੱਟਾ,
ਜ਼ਹਿਰ ਘੋਲਦੇ ਪਏ ਨੇ ਆਬ ਅੰਦਰ।
ਬੜਾ ਹੋ ਗਿਆ ਹੋਸ਼ ਵਿੱਚ ਆਓ ਵੀਰੋ,
ਅਮਨ ਏਕਤਾ ਮੰਗੋ ਪੰਜਾਬ ਅੰਦਰ।
***



Sri Satguru Jagjit Singh Ji eLibrary NamdhariElibrary@gmail.com

## ਖੁਸ਼ੀ ਦਾ ਗੀਤ

ਹਰ ਦਿਲ ਅੰਦਰ ਏਹੋ ਚਾਹ ਹੁੰਦੀ,
ਚੰਨ ਚੌਧਵੀਂ ਦਾ ਘਰ ਲਾਲ ਹੋਵੇ।
ਰੂਪ ਗੁਣ ਸੰਪੰਨ ਤੇ ਕੁਲ ਭੂਸ਼ਣ,
ਸਾਨੀ ਜੀਹਦਾ ਨਾ ਕੋਈ ਹਰ ਹਾਲ ਹੋਵੇ।
ਚੁੰਮਣ ਪੈਰ ਨਿਆਮਤਾਂ ਜੱਗ ਦੀਆਂ,
ਐਸਾ ਉਹਦਾ ਅਦੁੱਤੀ ਇਕਬਾਲ ਹੋਵੇ।
ਨੌਂ ਨਿੱਧਾਂ ਤਕਦੀਰਾਂ ਦਾ ਧਨੀ ਹੋਵੇ,
ਸ਼ੁਹਰਤ ਮਿਲੀ ਹਰ ਪੱਖੋਂ ਕਮਾਲ ਹੋਵੇ।
ਪੋਹੇ ਉਹਨੂੰ ਨਾ ਦੁਨੀਆਂ ਦੀ ਵਾ ਤੱਤੀ,
ਉਹਦਾ ਰੱਬ ਰਾਖਾ ਵਾਲ-ਵਾਲ ਹੋਵੇ।
ਸਦਾ ਇੱਜ਼ਤ ਵਧਾਏ ਉਹ ਮਾਪਿਆਂ ਦੀ,
ਦੁਨੀਆਂ ਵਿੱਚ ਚੱਲਦਾ ਚੰਗੀ ਚਾਲ ਹੋਵੇ।

ਬੋਲੇ ਜਦੋਂ ਹੱਸੇ, ਕਿਰਨ ਫੁੱਲ ਮੂੰਹੋਂ,
ਸੋਂਹਦਾ ਮਨਾਂ ਨੂੰ ਉਹਦਾ ਜਲਾਲ ਹੋਵੇ।
ਵਧਦਾ ਰਹੇ ਕਰਦਾ ਸਰ ਹੋਣੀਆਂ ਨੂੰ,
ਵੇਖ ਔਕੜ ਨਾ ਮਨ ਮਲਾਲ ਹੋਵੇ।
ਰਹੇ ਸਦਾ ਵਿਹਾਜਦਾ ਨੇਕੀਆਂ ਨੂੰ,
ਬਦੀਆਂ ਵੱਲੇ ਨ ਭੁੱਲ ਖ਼ਿਆਲ ਹੋਵੇ।
ਨੇਕ ਚਲਨ ਅਤੇ ਗੁਫ਼ਤਾਰ ਮਿੱਠੀ,
ਸੱਜਣ ਹਰੇਕ ਦਾ ਬੇ-ਮਿਸਾਲ ਹੋਵੇ।
ਦਿਨ ਸ਼ਗਨਾਂ ਵਾਲੇ ਨੇੜੇ ਆਣ ਢੁੱਕਣ,
ਪ੍ਰਭੂ ਕਾਜ ਰਚਾਇਆ ਚਾਵਾਂ ਨਾਲ ਹੋਵੇ।
ਸੁੰਦਰ ਸੋਹਣੀ ਸੁਣੱਖੀ ਮੁਟਿਆਰ ਵਰਦਾ,
ਵੇਦੀ ਵਿੱਚ ਬੈਠਾ ਜਿਗਰੀ ਲਾਲ ਹੋਵੇ।

ਮਿਹਰਾਂ ਵਾਲੇ ਨੇ ਮਿਹਰ ਅਪਾਰ ਕੀਤੀ,
ਤਾਂ ਅੱਜ ਢੋ ਸੁਲੱਖਣੇ ਢੁੱਕ ਗਏ ਨੇ।
ਲਿਖੇ ਧੁਰੋਂ ਸੰਜੋਗਾਂ ਦਾ ਮੇਲ ਹੋਇਆ,
ਲੰਮੇ ਪੰਧ ਵਿਛੋੜੇ ਦੇ ਮੁੱਕ ਗਏ ਨੇ।



Sri Satguru Jagjit Singh Ji eLibrary NamdhariElibrary@gmail.com

ਦੋਹਾਂ ਦਿਲਾਂ ਵਾਲੀ ਧੜਕਣ ਹੋਈ ਸਾਂਝੀ,
ਭੇਦ ਭਾਵ ਵਾਲੇ ਪੜਦੇ ਚੁੱਕ ਗਏ ਨੇ।
ਮਧੁਰ ਮਿਲਣ 'ਚੋਂ ਮੁੱਕਿਆ ਗੀਤ ਐਸਾ,
ਮਸਤੀ ਵਿੱਚ ਸਭ ਦੇ ਚਿਹਰੇ ਝੁਕ ਗਏ ਨੇ।
ਖੁਸ਼ੀਆਂ ਚਾਵਾਂ ਦੀ ਮਾਨੋਂ ਬਹਾਰ ਆਈ,
ਪਤਝੜ ਦੇ ਮੁੱਖੜੇ ਸੁੱਕ ਗਏ ਨੇ।
ਖੁਸ਼ੀ ਦੋਹਾਂ ਪਰਿਵਾਰਾਂ ਵਿੱਚ ਛਾਈ ਐਸੀ,
ਸੱਜਣ ਰਲ਼ ਬੈਠੇ ਹੋ ਇੱਕਸੁਰ ਗਏ ਨੇ।
***



Sri Satguru Jagjit Singh Ji eLibrary NamdhariElibrary@gmail.com

## 26 ਜਨਵਰੀ ਲਈ

26 ਜਨਵਰੀ ਭਾਰਤ ਇਤਿਹਾਸ ਅੰਦਰ,
ਹੈਗੈ ਦਿਨ ਵਡਭਾਗਾ ਅਨਮੋਲ ਯਾਰੋ।
ਸੂਰਜ ਚਮਕਿਆ ਸਾਡੀਆਂ ਕਿਸਮਤਾਂ ਦਾ,
ਹੋਇਆ ਸਫ਼ਲ ਸ਼ਹਾਦਤ ਦਾ ਘੋਲ ਯਾਰੋ।
ਲਿਆਈ ਰੰਗ ਸ਼ਹਾਦਤ ਮੁਜ਼ਾਹਦਾਂ ਦੀ,
ਵੱਜ ਰਿਹਾ ਆਜ਼ਾਦੀ ਦਾ ਢੋਲ ਯਾਰੋ।
ਲੱਥਾ ਭਾਰ ਗੁਲਾਮੀ ਦਾ ਗੋਰਿਆਂ ਦਾ,
ਹੈ ਰਾਜ ਕਾਜ ਆਪਣੇ ਬਲ ਤੋਲ ਯਾਰੋ।
ਲਾਗੂ ਹੋਇਆ ਸੰਵਿਧਾਨ ਸੁਤੰਤਰਤਾ ਦਾ,
ਭਾਰਤ ਵਿੱਚ ਸੰਪੂਰਨ ਅਡੋਲ ਯਾਰੋ।
ਰਲ਼ ਮਿਲ ਹਿੰਦੀਆ ਹੁਣ ਸੰਭਾਲ ਰੱਖਣਾ,
ਇਹਦੀ ਮਾਣ ਮਰਯਾਦਾ ਮਾਹੌਲ ਯਾਰੋ।

ਲੱਖਾਂ ਮਾਵਾਂ ਦੇ ਪੁੱਤ ਸ਼ਹੀਦ ਹੋਏ,
ਲੁੱਟੇ ਗਏ ਸੁਹਾਗ ਸੁਹਾਗਣਾਂ ਦੇ।
ਚੜ੍ਹੇ ਚਰਖ਼ੜੀਆਂ ਖ਼ੱਲ ਲੁਹਾਈ ਪੁੱਠੀ,
ਲੱਗਣ ਦਿੱਤੇ ਨਾ ਦਾਗ਼ ਦੁਹਾਗਣਾਂ ਦੇ।
ਲਟਕੇ ਫਾਂਸੀਆਂ ਗਵਨ ਪ੍ਰਦੇਸ ਕੀਤਾ,
ਧਾਰ ਰਾਮ ਸਿੰਘ ਭੇਸ ਤਿਆਗਣਾਂ ਦੇ।
ਲੱਗੀ ਮਹਿੰਦੀ ਆਜ਼ਾਦੀ ਦੀ ਤਾਂ ਕਿਧਰੇ,
ਲੱਖਾਂ ਬੁਝੇ ਚਿਰਾਗ਼ ਅਭਾਗਣਾਂ ਦੇ।
ਭਗਤ ਸਿੰਘ, ਸਰਾਭਾ, ਸੁਭਾਸ਼, ਗਾਂਧੀ,
ਖੱਟੇ ਵਣਜ ਜਿੰਦ ਵਾਰ ਸੁਭਾਗਣਾਂ ਦੇ।
ਸੂਰਜ ਚੰਨ ਜਦ ਤੱਕ ਰੋਸ਼ਨ ਰਹਿਣ ਤਾਰੇ,
ਚਮਕਣ ਨਾਮ ਅਨੁਰਾਗ ਵੀਰਾਂਗਣਾਂ ਦੇ।

ਪਹਿਲੋਂ ਸਭ ਤੋਂ ਸਤਿਗੁਰੂ ਰਾਮ ਸਿੰਘ ਜੀ,
ਲਹਿਰ ਨਾ-ਮਿਲਵਰਤਨ ਚਲਾਈ ਹੈ ਸੀ।
ਬਾਈਕਾਟ ਅੰਗਰੇਜ਼ ਦਾ ਫੁੱਲ ਕੀਤਾ,
ਡਟੇ ਸੂਰਮੇ ਸੰਤ ਸਿਪਾਹੀ ਹੈ ਸੀ।



Sri Satguru Jagjit Singh Ji eLibrary NamdhariElibrary@gmail.com

ਗਊ ਗਰੀਬ ਦਾ ਕਸ਼ਟ ਨਾ ਝੱਲ ਸਕੇ,
ਕੀਤੀ ਬੁਝੜਾਂ ਵਾਲੀ ਸਫ਼ਾਈ ਹੈ ਸੀ।
ਵਧਦੀ ਲਹਿਰ ਦਾ ਚੱਲਿਆ ਚੱਕਰ ਐਸਾ,
ਮਲਕਾ ਐਲਜ਼ਾਬਿਥ ਲੰਡਨ ਘਬਰਾਈ ਹੈ ਸੀ।
ਜਲਾਵਤਨ ਕਰ ਸਤਿਗੁਰੂ ਰਾਮ ਸਿੰਘ ਜੀ,
ਲਾਇਆ ਦੋਸ਼ ਨਾ ਜਿਦ੍ਹੀ ਸੁਣਵਾਈ ਹੈ ਸੀ।
ਲਾ ਲਾ ਲੂਤੀਆਂ ਸਿੱਖਾਂ ਨੂੰ ਪਾੜ ਉਦੋਂ,
ਗੋਰੇ ਲਹਿਰ ਸਿੰਘ ਸਭਾ ਚਲਾਈ ਹੈ ਸੀ।

ਭਾਂਬੜ ਮੱਚਿਆ ਸੀ ਚਿਣਗ ਨਿੱਕੜੀ ਦਾ,
ਸਿੰਘ ਸੂਰਮੇ ਉੱਤਰ ਮੈਦਾਨ ਆ ਗਏ।
ਜ਼ਾਤ-ਪਾਤ ਦਾ ਫ਼ਰਕ ਮਿਟਾ ਦਿਲ 'ਚੋਂ,
ਮਰਨ ਮਿਟਣ ਜਿੰਦ ਕਰਨ ਕੁਰਬਾਨ ਆ ਗਏ।
ਸੁੱਤੀ ਸਦੀਆਂ ਤੋਂ ਹਿੰਮਤ ਹੁਣ ਜਾਗ ਉੱਠੀ,
ਹੱਥੀਂ ਫੜ ਗੰਡਾਸੇ ਕਿਰਪਾਨ ਗਏ।
ਗਦਰੀ ਬਾਬਿਆਂ ਦੀ ਲਹਿਰ ਜ਼ੋਰ ਫੜਿਆ,
ਡੇਲੇ ਗੋਰਿਆਂ ਦੇ ਬਾਹਰ ਪ੍ਰਾਣ ਆ ਗਏ।
ਪੰਡਿਤ ਨਹਿਰੂ, ਮੌਲਾਨਾ ਆਜ਼ਾਦ, ਅਬਦੁਲ,
ਬਣ ਕੇ ਮਾਨੋਂ ਇਲਾਹੀ ਵਰਦਾਨ ਆ ਗਏ।
ਹਿੱਲੇ ਪੈਰ ਪੈ ਗਈ ਭਾਜੜ ਗੋਰਿਆਂ ਨੂੰ,
ਰਾਖੇ ਦੇਸ਼ ਦੇ ਹਿੰਮਤੀ ਜਵਾਨ ਆ ਗਏ।

ਹਿੰਦੂ ਸਿੱਖ ਮੁਸਲਿਮ ਤੇ ਈਸਾਈ ਇੱਕੋ,
ਅੱਲਾ ਈਸ਼ਵਰ ਦੀ ਇੱਕੋ ਸੰਤਾਨ ਸਾਰੇ।
ਕੁੱਲ ਹਿੰਦ ਵਾਸੀ ਭਾਵੇਂ ਮਜ਼੍ਹਬ ਵੱਖਰੇ,
ਸਾਂਝੇ ਫਰਜ਼ ਮੁੱਖ ਧਰਮ ਇਨਸਾਨ ਸਾਰੇ।
ਕੱਲਾ-ਕੱਲਾ ਨਾ ਹੁੰਦਾ ਸਮਰੱਥ ਕੋਈ,
ਰਲ਼ਮਿਲ ਕੇ ਹੁੰਦੇ ਮਹਾਨ ਸਾਰੇ।
ਫੁੱਲਾਂ ਰੰਗ ਬਿਰੰਗਿਆਂ ਖਿੜਦਿਆਂ 'ਚੋਂ,
ਚੁਣ-ਚੁਣ ਬਣਿਆ ਗੁਲਦਸਤਾ ਈਮਾਨ ਸਾਰੇ।



Sri Satguru Jagjit Singh Ji eLibrary NamdhariElibrary@gmail.com

ਝੰਡਾ ਕੇਸਰੀ ਕੌਮੀ ਨਿਸ਼ਾਨ ਹਿੰਦ ਦਾ,
ਰਹੇ ਚਮਕਦਾ ਵਿੱਚ ਜਹਾਨ ਸਾਰੇ।
ਰਾਖੀ ਦੇਸ਼ ਦੀ ਕੌਮੀ ਭਲਿਆਈ ਕਰਨੀ,
ਫ਼ਰਜ਼ ਮਾਨਵੀਂ ਹਿੱਤਾਂ ਕਲਿਆਣ ਸਾਰੇ।

ਛੱਬੀ ਜਨਵਰੀਏ ਕਰਾਂ ਪ੍ਰਣਾਮ ਤੈਨੂੰ,
ਜੱਗ ਵਿੱਚ ਚਮਕੇਂ ਆਫ਼ਤਾਬ ਬਣ ਕੇ।
ਏਸ ਦਿਨ ਉੱਤੇ ਮੇਲੇ ਰਹਿਣ ਲੱਗਦੇ,
ਦੁਹਰੀਂਦੇ ਰਹਿਣ ਇਤਿਹਾਸ ਸਵਾਬ ਬਣ ਕੇ।
ਆਉਂਦੀ ਨਸਲ ਨੂੰ ਰੋਸ਼ਨੀ ਰਹੇ ਮਿਲਦੀ,
ਭੁੱਲ ਜਾਏ ਨਾ ਕਿਧਰੇ ਖ਼ਵਾਬ ਬਣ ਕੇ।
ਦੇਸ਼ ਸੇਵਾ ਬੇਗ਼ਰਜ਼ ਨਾ ਭੁੱਲ ਜਾਣੀਂ,
ਉੱਚੇ ਪਾ ਕੇ ਅਹੁਦੇ ਜਨਾਬ ਬਣ ਕੇ।
ਵਤਨ ਧੂੜ ਲਾ ਮੱਥੇ ਪ੍ਰਣ ਕਰੀਏ,
ਬਣੀਏ ਕੌਮ-ਘਾਤਕ ਨਾ ਦਗ਼ੇਬਾਜ਼ ਬਣ ਕੇ।
'ਪ੍ਰਵਾਨਾ' ਮਾਤ ਭਾਰਤ ਦੇ ਸਪੁੱਤ ਬਣੀਏ,
ਕਰੀਏ ਦੇਸ਼ ਉੱਨਤ ਲਾਜਵਾਬ ਬਣ ਕੇ।
***



Sri Satguru Jagjit Singh Ji eLibrary NamdhariElibrary@gmail.com

## ਸੱਜਣਾ ਵੇ...

ਸੱਜਣਾ ਸ਼ਹਿਦੋਂ ਮਿੱਠੜੇ ਸੱਜਣਾ ਮੈਂ ਤੈਥੋਂ ਸਦਕੇ ਜਾਵਾਂ,
ਸੀਰਤ ਸੁਹਣੀ ਸੂਰਤ ਉੱਤੋਂ, ਜਿੰਦੜੀ ਘੋਲ ਘੁਮਾਵਾਂ।

ਵੇਖਿਆ ਤੈਨੂੰ ਰੱਜ ਨਾ ਹੋਵੇ, ਦਿਲ ਵਿੱਚ ਰੱਖਾਂ ਮੜ੍ਹਾ ਕੇ,
ਹਾਰ ਬਣਾ ਕੇ ਗਲ਼ ਦਾ ਤੈਨੂੰ, ਸੀਨੇ ਤੇ ਲਟਕਾਵਾਂ।

ਸੱਜਣਾਂ ਵੇ ਜਿੰਦ ਕੁਰਬਾਨ ਤੈਥੋਂ ਸੱਜਣਾਂ।
ਵਾਰਾਂ ਤਿੰਨੇ ਲੋਕ ਇਹ ਜਹਾਨ ਕੀ ਏ ਸੱਜਣਾਂ।

ਸ਼ਕਲਾਂ ਤੇ ਸੂਰਤਾਂ 'ਚ ਬਣੇ ਕਈ ਬਥੇਰੇ ਨੇ।
ਸੂਰਤ ਤੇ ਸੀਰਤ ਦੀ ਕਮਾਲ ਹੈ ਤੂੰ ਸੱਜਣਾਂ।

ਕਿੰਨਾਂ ਸੁਹਣਾ ਰੱਬ ਨੇ ਬਣਾਇਆ ਤੈਨੂੰ ਟਿਕ ਕੇ,
ਜੀ ਕਰੇ ਵੇਂਹਦਾ ਰਵਾਂ ਹੋਵੇਂ ਤੂੰ ਅਲੱਗ ਨਾ।

ਚੰਨ ਤੇ ਚਕੋਰ ਵਾਲੀ ਪ੍ਰੀਤ ਰੀਤ ਨਿਭਜੈ,
ਵਸਲਿ ਦੀਦਾਰ ਯਾਰ ਬਾਝ ਜੀਣ ਹੱਜ ਨਾ।

ਅੰਮ੍ਰਿਤ ਦਾ ਕੁੰਡ ਤੇਰੀ ਵਫ਼ਾ ਲਬਾਲਬ 'ਚੋਂ,
ਪੀਂਦਾ ਰਹਾਂ ਉਮਰ ਭਰ ਹੋਵੇ ਕਦੀ ਰੱਜ ਨਾ।

ਫੁੱਲ-ਖ਼ੁਸ਼ਬੂ, ਭੌਰ-ਫੁੱਲ ਦਾ ਸੰਬੰਧ ਸਦਾ,
ਵਫ਼ਾ ਤੇਰੀ ਮੇਰੀ ਦਾ ਮਿਲਾਪ ਪਵੇ ਗੰਢ ਨਾ।

ਇੱਕੋ ਸੁਰ ਗੀਤ ਰਹੇ ਗਲ਼ਿਆਂ 'ਚੋਂ ਫੁੱਟਦਾ,
ਇੱਕੋ ਲੈਅ ਤਾਰ ਵਿੱਚ ਪਵੇ ਕਦੀ ਭੰਗ ਨਾ।

ਖ਼ੁਸ਼ੀ ਦਾ ਖ਼ਜ਼ਾਨਾ 'ਪ੍ਰਵਾਨਾ' ਸਾਡੇ ਵਿੱਚ ਹੀ ਏ,
ਆਪੋ 'ਚ ਗੜੁੱਚ ਹੋ ਕੇ ਆਪੋ ਵਿੱਚੀਂ ਲੱਭਣਾ।
***



Sri Satguru Jagjit Singh Ji eLibrary NamdhariElibrary@gmail.com

## ਸੱਜਣਾਂ ਬਾਝੋਂ

ਇੱਕ ਦਿਲਦਾਰ ਸੱਜਣ ਦੇ ਬਾਝੋਂ,
ਜ਼ਿੰਦਗੀ ਸੁੰਞਾ ਵਿਹੜਾ।
ਨਿਰਜਨ ਬਨ ਵਿੱਚ ਖਿੜੇ ਫੁੱਲ ਦਾ,
ਹੁੰਦਾ ਕਦਰ ਹੈ ਕਿਹੜਾ।

ਚਾਅ, ਮਲਾਰ ਤੇ ਖੁਸ਼ੀਆਂ ਉੱਡੀਆਂ,
ਲੰਮੀ ਲਾ ਉਡਾਰੀ,
ਦੁੱਖ ਵਿਛੜੇ ਸੱਜਣ ਦਾ ਉਹ ਜਾਣੇ,
ਹੋਏ ਵਿਛੜਿਆ ਜਿਹੜਾ।

ਰਾਤਾਂ ਖਾਣ ਆਵਣ ਮੂੰਹ ਅੱਡੀ,
ਸੇਜ ਸੁੰਞੀ ਤੜਫ਼ਾਵੇ।
ਆਹਾਂ ਬਲ ਬਲ ਜਿਗਰੋਂ ਉੱਠਣ,
ਪੇਸ਼ ਪਿਆ ਬਿਰਹੜਾ।

ਕੋਈ ਨਾ ਸੁਣੇ ਪੁਕਾਰਾਂ ਦਿਲ ਦੀਆਂ,
ਕਿਨੂੰ ਜਖ਼ਮ ਵਿਖਾਵਾਂ।
ਇਸ ਜ਼ਾਲਮ ਬ੍ਰਿਹਾ ਦੇ ਪੰਜਿਓਂ,
ਕੌਣ ਛੁਡਾਵੇ ਖਹਿੜਾ।

ਹੱਸਦੇ ਰੱਸਦੇ ਘਰਾਂ ਵੱਸਦਿਆਂ,
ਨਜ਼ਰ ਕਿਦ੍ਹੀ ਹੈ ਲੱਗੀ,
ਦਿਲਬਰ ਜਾਨੀ ਗਿਆ ਨਾ ਮੁੜਿਆ,
ਘੱਲਿਆ ਨਾ ਸੁਨੇਹੜਾ।

ਉੱਡ ਕਾਵਾਂ ਤੈਨੂੰ ਚੂਰੀਆਂ ਪਾਵਾਂ,
ਜਾ ਮੇਰਾ ਹਾਲ ਸੁਣਾਈਂ,
ਆਖੀਂ ਸਬਰਾਂ ਦਾ ਕੜ ਟੁੱਟਿਆ,
ਰੱਖਿਆ ਬੰਨ ਬਥੇਰਾ।



Sri Satguru Jagjit Singh Ji eLibrary NamdhariElibrary@gmail.com

ਸਿਖ਼ਰ ਦੁਪਹਿਰੇ ਜੋਬਨ ਰੁੱਤੇ,
ਪੀੜ ਹੰਢਾਂਦੀ ਮੋਈਆਂ,
ਆ ਮਾਹੀਆ ਮੇਰਾ ਟੁੱਟ ਨਾ ਜਾਵੇ
ਰੀਝਾਂ ਵਾਲਾ ਗੁਛਹਿੜਾ।

ਸਾਹਾਂ ਦੀ ਪੂੰਜੀ ਆਪਣੀ ਨੂੰ,
ਨਾਮ ਲਿਖਾਇਆ ਤੇਰੇ।
ਲੁੱਟ ਸਾਂਭ 'ਪ੍ਰਵਾਨਾ' ਚਾਰੇ,
ਜ਼ੋਰ ਅਸਾਡਾ ਕਿਹੜਾ।
***



Sri Satguru Jagjit Singh Ji eLibrary NamdhariElibrary@gmail.com

## ਵਾੜੀ ਖਿੜੇ ਫੁੱਲ ਫ਼ਲਾਂ ਦੀ

ਰੰਗ, ਰੂਪ, ਰਸ, ਜੋਬਨ ਮਸਤੀ,
ਵਾੜੀ ਖਿੜੇ ਫੁੱਲ ਫ਼ਲਾਂ ਦੀ।
ਨਖ਼ਰੇ, ਨਾਜ਼, ਅਦਾਵਾਂ, ਸ਼ੋਖ਼ੀ,
ਹੋਂਠ ਗੁਲਾਬੀ ਗੱਲ੍ਹਾਂ ਦੀ।

ਹੁਸੀਨਾਂ ਦੀ ਹੈ ਪਾਰੇ ਵੱਤ,
ਚੰਚਲਤਾ ਸਾਗਰ ਛੱਲਾਂ ਦੀ।
ਰੰਗ ਤਮਾਸ਼ੇ ਬਿਰਖ ਦੀ ਛਾਇਆ,
ਘੜੀ ਪ੍ਰਾਹੁਣੀ ਪਲਾਂ ਦੀ।

ਮਦਮਸਤੀ ਵਿੱਚ ਫਿਰੇਂ ਐਂਠਦਾ,
ਬਣਿਆ ਫਿਰੈਂ ਦੀਵਾਨਾ ਤੂੰ।
ਇਸ ਜ਼ਿੰਦੜੀ ਦੀ ਮਿਆਦ ਹੈ ਕਿੰਨੀ,
ਸਾਹਾਂ ਭਰੀਆਂ ਖੱਲਾਂ ਦੀ।

ਮਾਪੇ ਵਡੇ ਵਡੇਰੇ ਤੁਰ ਗਏ,
ਜਿਨ੍ਹਾਂ ਤੈਨੂੰ ਜਣਿਆ ਸੀ।
ਰਹਿਣਾ ਨਹੀਂ ਤੂੰ ਵੀ ਖੱਟ ਖੱਟੀ,
ਨੇਕੀ ਸ਼ੁਭ ਅਮਲਾਂ ਦੀ।

ਰਾਵਣ ਤੇ ਸਿਕੰਦਰ ਵਰਗੇ,
ਖਾਲੀ ਕੰਨੀਆਂ ਝਾੜ ਗਏ।
ਤੂੰ ਦੱਸ ਕਿਹੜੇ ਬਾਗ਼ ਦੀ ਮੂਲੀ,
ਗੱਲ ਕਰ ਕੁਝ ਅਕਲਾਂ ਦੀ।

ਉੱਚੇ ਮਹਿਲ ਅਟਾਰੀਆਂ ਤੇਰੀਆਂ,
ਰਹਿ ਜਾਣੀਆਂ ਏਥੇ ਹੀ।
ਭਰੀ ਭਰਾਈ ਕੰਮ ਨਹੀਂ ਆਉਣੀ,
ਤਜੌਰੀ ਸ਼ੀਸ਼ ਮਹੱਲਾਂ ਦੀ।



Sri Satguru Jagjit Singh Ji eLibrary NamdhariElibrary@gmail.com

ਹੱਕ ਪਰਾਇਆ ਖੋਹ-ਖੋਹ ਕੇ,
ਲੁੱਟੇਂ ਮੌਜ ਬਹਾਰਾਂ ਤੂੰ।
ਪਤਾ ਲੱਗੂ ਜਦ ਪਊ ਝੱਲਣੀ।
ਮਾਰ ਕੜੀ ਜਮਦੱਲਾਂ ਦੀ।

ਕਰ-ਕਰ ਪਾਪ ਵਿਗਾੜੇਂ ਅੱਗਾ,
ਸੰਗਤ ਕਰ ਰਹੀਮਾਂ ਦੀ।
ਨੀਂਵ ਉਸਾਰੀ ਜਾ ਨਾ ਅੜਿਆ,
ਨਿੱਤ ਢਹਿੰਦੀਆਂ ਕੱਲਾਂ ਦੀ।

ਬਖਸ਼ਿਆ ਗਿਆਨ ਰੱਬ ਨੇ ਬੁੱਧੀ,
ਅੱਖਾਂ ਮੀਟੀ ਚੱਲੇਂ ਕਿਉਂ।
ਹੱਥ ਦੀਪਕ ਲੈ ਖੂਹ ਵਿੱਚ ਡਿੱਗੇਂ,
ਗੱਲ ਨਹੀਂ ਝੱਲ-ਵਲੱਲਾਂ ਦੀ?

ਭਰਨ-ਪੋਖਨ ਵਿੱਚ ਬੀਤੀ ਜਾਵੇ,
ਉਮਰਾ ਤੇਰੀ ਵਡਮੁੱਲੀ।
ਹੱਕ ਬਿਗਾਨੇਂ ਰਗੜੀ ਜਾਵੇਂ,
ਨੀਤੀ ਧਾਰ ਚੁਗੱਲਾਂ ਦੀ।

ਉੱਦਮ ਕਰ ਉੱਠ ਜੱਪ ਸਵੇਰੇ,
ਨਾਮ ਪ੍ਰਭੂ ਦਾ ਅਣਮੁੱਲਾ।
ਸੰਤ ਸੇਵਾ ਕਰ ਲਾਇ ਭਾਵਨੀ,
ਛੱਡ ਖੜਕੌਣੀ ਟੱਲਾਂ ਦੀ।

ਲੱਖ ਚੌਰਾਸੀ ਜੂਨੀ ਵਿੱਚੋਂ,
ਉੱਤਮ ਜਨਮ ਹੈ ਮਾਨਸ ਦੇਹ।
ਏਨੂੰ ਸਫ਼ਲਾ ਕਰਨ ਲਈ ਛੱਡ,
ਰਹਿਣੀ ਬਹਿਣੀ ਖੱਲਾਂ ਦੀ।



Sri Satguru Jagjit Singh Ji eLibrary NamdhariElibrary@gmail.com

ਸਾਧ ਸੰਗਤ ਕਰ ਗੁਰੂਜਨਾਂ ਦੀ,
ਸਿੱਖਿਆ ਪੱਲੇ ਬੰਨ੍ਹੀ ਚੱਲ।
ਖੱਟ ਘਾਲ ਕੁਝ ਹਥਹੁੰ ਦੇ,
ਛੱਡ ਸੰਗਤ ਨੀਚ ਸ਼ਟੱਲਾਂ ਦੀ।

ਖ਼ੁਦੀ ਤਕੱਬਰ ਮਾਨ ਵਡਾਈ,
ਛੱਡ ਨਿਮਾਣਾ ਜੱਗ ਰਹੁ।
'ਪ੍ਵਾਨਾ' ਕਰ ਅਮਲ ਉਚੇਰਾ,
ਸੀਖ ਸ੍ਰੇਸ਼ਟ ਗੱਲਾਂ ਦੀ।
***



Sri Satguru Jagjit Singh Ji eLibrary NamdhariElibrary@gmail.com

## ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ

ਦੁੱਖ ਆਵੇ ਸੁੱਖ ਆਵੇ ਹਰ ਹਾਲ ਖਿੜੇ ਮੱਥੇ,
ਰੱਬ ਦੀ ਰਜ਼ਾ 'ਚ ਰਾਜ਼ੀ ਰਹਿਣਾ ਸਾਨੂੰ ਚਾਹੀਦਾ।
ਗੁਰੂ ਬਿਨਾਂ ਹੋਣੀਆਂ ਨੂੰ ਟਾਲ਼ ਕੌਣ ਸਕਦਾ ਏ,
ਨਹੀਂ ਭੂੰਭਲ ਭੂਸਿਆਂ 'ਚ ਪੈਣਾ ਸਾਨੂੰ ਚਾਹੀਦਾ।
ਪੈਰ ਜਿੰਨੀ ਚਾਦਰ ਕਿਹਾ ਪਸਾਰ ਦਾਨਿਆਂ ਨੇ,
ਫੈਲਸੂਫ਼ੀਆਂ ਤੋਂ ਹੈ ਤ੍ਰਹਿਣਾ ਸਾਨੂੰ ਚਾਹੀਦਾ।
ਵਿਆਜ਼ ਵੱਟਾ ਫੋਕੀਆਂ ਦਿਖਾਵੇ ਦੀਆਂ ਰਸਮਾਂ ਦਾ,
ਚਿੰਬੜਿਆ ਭੂਤ ਨਹੀਂ ਕੁਲਹਿਣਾ ਸਾਨੂੰ ਚਾਹੀਦਾ।
ਨੱਕ ਤੇ ਨਮੂਜ਼ ਨਹੀਂ ਰਹਿੰਦਾ ਵੇਖ ਹੋਰਨਾਂ ਨੂੰ,
ਕਰਜ਼ ਦੀ ਫਾਹੀ ਨਹੀਂ ਫਹਿਣਾ ਸਾਨੂੰ ਚਾਹੀਦਾ।
ਜੀਂਦੀ ਕੁੜੀ ਮਾਰਨੀ ਤੇ ਹੱਤਿਆ ਭਰੂਣ ਭੈੜੀ,
ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ।

ਜੋਤਸ਼ੀ ਸਿਆਨਿਆਂ ਤੇ ਮੀਂਏਂ ਇਸ਼ਤਿਹਾਰੀਆਂ ਤੋਂ,
ਰੱਬ ਹੀ ਬਚਾਏ ਬੜਾ ਬਚਣਾ ਮੁਹਾਲ ਏ।
ਜਾਦੂ ਟੂਣੇ ਤਾਂਤ੍ਰਿਕਾਂ ਨੇ ਜਾਲ ਵਿਛਾਏ ਐਸੇ।
ਇਨ੍ਹਾਂ ਹੱਥੋਂ ਨਿੱਤ ਨਵਾਂ ਉਠਦਾ ਬਵਾਲ ਏ।
ਬਲਾਤਕਾਰੀ ਵਾਰਦਾਤਾਂ ਜੋਰ ਫੜ੍ਹੀ ਜਾਂਦੀਆਂ ਨੇ,
ਪਹਿਰੇਦਾਰ ਖ਼ੁਦ ਲੁੱਟੀ ਜਾਂਦੇ ਘਰ ਮਾਲ ਏ।
ਦੇਸ਼ ਦਾ ਆਗੂ ਤੇ ਸਮਾਜ ਸੇਵੀ ਪੰਥ-ਰਤਨ,
ਲੁੱਟ-ਲੁੱਟ ਗੋਲਕਾਂ ਹੋ ਰਿਹਾ ਖ਼ੁਸ਼ਹਾਲ ਏ।
ਜੱਪ ਤੱਪ ਪੂਜਾ ਪਾਠ ਸੰਜਮ ਤੋਂ ਬਿਨਾਂ ਸ਼ਾਂਤੀ,
ਮਿਲਣੀ ਨਾ ਭੇਦ ਸਮਝ ਲੈਣਾ ਸਾਨੂੰ ਚਾਹੀਦਾ।
ਸੌ ਹੱਥ ਰੱਸਾ ਓਹਦੇ ਸਿਰੇ ਤੇ ਮਾਰ ਗੰਢ,
ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ।

ਜੇ ਤੂੰ ਖੁਸ਼ ਅਤੇ ਸੁਖੀ ਰਹਿਣਾ ਚਾਹੇਂ ਜੱਗ ਵਿੱਚ,
ਲੋਭ ਅਤੇ ਲਾਲਚ ਦੀ ਸਿਰ ਤੋਂ ਉਤਾਰ ਗੰਢ।
ਪੱਲਾ ਫੜ ਘੁੱਟ ਕੇ ਜਹਾਨ ਵਿੱਚ ਗੁਰੂ ਦਾ ਹੀ,
ਭਟਕ ਭਟਕ ਹੋਰ ਕਿਤੇ ਐਂਵੇ ਨਾ ਪਿਆਰ ਗੰਢ।



Sri Satguru Jagjit Singh Ji eLibrary NamdhariElibrary@gmail.com

ਗੁਰ-ਮੱਤ, ਗੁਰੂ ਰੀਤ ਭਲੀ ਭਾਂਤ ਗ੍ਰਹਿਣ ਕਰ,
ਭੰਨ ਸੁੱਟੂ ਧੌਣ ਤੇਰੀ ਬਿਆਜੜੂ ਹੁਧਾਰ ਗੰਢ।
ਦਾਜ ਦੈਂਨ ਚੰਦਰੀ ਸਮਾਜਿਕ ਬੁਰਾਈ ਵਾਲੀ,
ਕਰੀ ਜਾਂਦੀ ਦਿਨੇ ਰਾਤ ਜੀਵਨ ਖ਼ਵਾਰ ਗੰਢ।
ਕਬਰਾਂ ਨੂੰ ਪੂਜ ਨਾ, ਤੂੰ ਪੂਜ ਜੀਂਦੇ ਗੁਰੂ ਤਾਈਂ,
ਡੰਕੇ ਦੀਆਂ ਚੋਟਾਂ ਨਾਲ ਕਹਿਣਾ ਸਾਨੂੰ ਚਾਹੀਦਾ।
ਸਾਦਾ ਰਹਿ ਜੀਵਨ ਦਾ ਕਰ ਇਖ਼ਲਾਕ ਉੱਚਾ,
ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ।

ਭੱਠ ਪਵੇ ਨੱਥ ਮੁਟਿਆਰ ਦੀ ਜੁ ਪਾੜੇ ਨੱਕ,
ਇਹੋ ਜਿਹੇ ਸ਼ਿੰਗਾਰ ਤੋਂ ਤਾਂ ਸਾਦਾ ਰਹਿਣਾ ਚੰਗਾ ਏ।
ਅੱਜ ਦੀ ਜੁਆਨ ਪੀੜ੍ਹੀ ਰੁੜ੍ਹੀ ਜਾਂਦੀ ਨਸ਼ਿਆਂ 'ਚ,
ਰੋਕਦੈ ਜੋ ਕੋਈ ਅੱਗੋਂ ਖੜਾ ਕਰਨ ਪੰਗਾ ਏ।
ਭੰਗ ਭੁੱਕੀ ਪੋਸਤ ਸ਼ਰਾਬ ਪੀਣ ਆਬ ਵਾਂਗ,
ਮਦਰਾ ਨੂੰ ਸੋਮਰਸ ਕਹਿਣ ਜਲ-ਗੰਗਾ ਏ।
ਛਿੱਕੇ ਟੰਗ ਅਕਲ ਤੇ ਸ਼ਕਲ ਵਿਗਾੜੀ ਫਿਰਨ,
ਦਾੜ੍ਹੀ ਸਿਰ ਕੇਸ ਕਿਰਪਾਨ ਨਾਹੀਂ ਕੰਘਾ ਏ।
ਸਿਰ ਧੜ ਬਾਜ਼ੀ ਨਾਲ ਮਹਿੰਗੇ ਭਾਅ ਲਈ ਸਿੱਖੀ,
ਭੰਗ ਭਾੜੇ ਖੋਣਾ ਨਹੀਂ ਗਹਿਣਾ ਸਾਨੂੰ ਚਾਹੀਦਾ।
ਲੁੱਟ ਗਿਆ ਘਰ ਫੇਰ ਜਾਗ ਆਈ ਕਿਹੜੇ ਕੰਮ,
ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ।

ਧਾਰ ਤਲਵਾਰ ਵਿੱਚੋਂ ਜਨਮ ਹੋਇਆ ਖਾਲਸੇ ਦਾ,
ਸਮਝਣਾ ਇਤਿਹਾਸ ਵਾਲਾ ਮਹਿਣਾ ਸਾਨੂੰ ਚਾਹੀਦਾ।
ਜਾਗ ਪ੍ਰਭਾਤ ਇਸ਼ਨਾਨ ਕਰ ਸਣੇਂ ਕੇਸੀਂ,
ਸੁਰਤ ਜੋੜ ਗੁਰੂ ਨੂੰ ਧਿਆਉਣਾ ਸਾਨੂੰ ਚਾਹੀਦਾ।
ਗੁੱਗਾ, ਗ਼ੋਰ, ਮੜ੍ਹੀਆਂ ਮਸਾਣਾਂ ਵਾਲੇ ਪੁੱਠੇ ਵਹਿਣ,
ਭੁੱਲ ਕੇ ਕਦੇ ਨਹੀਂ ਵਹਿਣਾ ਸਾਨੂੰ ਚਾਹੀਦਾ।
ਪੱਛਮੀ ਲਿਬਾਸ ਪਿੱਛੇ ਆਪਣੇ ਲਿਬਾਸ ਵਾਲੇ,
ਰੁੱਖ ਦਾ ਨਾ ਵੱਢ ਲੈਣਾ ਟਹਿਣਾ ਸਾਨੂੰ ਚਾਹੀਦਾ।



Sri Satguru Jagjit Singh Ji eLibrary NamdhariElibrary@gmail.com

ਫੈਸ਼ਨਾਂ ਦੇ ਵਿੱਚ ਪੈ ਕੇ ਜਿਸਮੀ ਨੁਮਾਇਸ਼ ਵਾਲੀ,
ਕੋਝੀ ਦੌੜ ਛੱਡ ਟਿਕ ਬਹਿਣਾ ਸਾਨੂੰ ਚਾਹੀਦਾ।
ਕਰ ਸ਼ੁਕਰਾਨਾ 'ਪ੍ਰਵਾਨਾ' ਗੁਰੂ ਸੀਖ ਮੰਨ,
ਬਚ ਕੇ ਕੁਰੀਤੀਆਂ ਤੋਂ ਰਹਿਣਾ ਸਾਨੂੰ ਚਾਹੀਦਾ।
***



Sri Satguru Jagjit Singh Ji eLibrary NamdhariElibrary@gmail.com

## ਦੀਵਾਲੀ

ਆਈ ਦੀਵਾਲੀ, ਆਈ ਦੀਵਾਲੀ,
ਖੁਸ਼ੀਆਂ ਦਾ ਤਿਉਹਾਰ ਦੀਵਾਲੀ।
ਬਦੀਆਂ ਉੱਪਰ ਨੇਕੀ ਦੀਆਂ,
ਜਿੱਤਾਂ ਦਾ ਉਪਹਾਰ ਦੀਵਾਲੀ।
ਮੇਟ ਜੁਦਾਈਆਂ, ਮੇਲ ਮਿਲਾਂਦੀ,
ਮਨ ਭਾਵਨ ਦਿਲਦਾਰ ਦੀਵਾਲੀ।
ਅਮਨ, ਆਜ਼ਾਦੀ, ਖੁਸ਼ੀ ਖੇੜਿਆਂ,
ਦਾ ਪ੍ਰਤੱਖ ਇਜ਼ਹਾਰ ਦੀਵਾਲੀ।

ਲਛਮਣ, ਸੀਤਾ, ਰਾਮ, ਅਯੁੱਧਿਆ,
ਲੌਂਟੇ ਰਾਵਣ ਮਾਰ ਦੀਵਾਲੀ।
ਘਿਉ ਦੇ ਦੀਪਕ ਬਾਲ ਸਜਾਏ,
ਲੋਕਾਂ ਘਰ ਬਾਜ਼ਾਰ ਦੀਵਾਲੀ।
ਲਛਮਣ, ਰਾਮ ਭਰਾਵਾਂ ਜੋੜੀ,
ਦਾ ਹੈ ਡੂੰਘਾ ਪਿਆਰ ਦੀਵਾਲੀ।
ਵਚਨ-ਬੱਧਤਾ, ਪਿਤਾ ਆਗਿਆ,
ਪਾਲਣ ਦਾ ਇਕਰਾਰ ਦੀਵਾਲੀ।

ਭਾਈਆਂ ਤੋਂ ਸੁਖ ਵਾਰ ਵਿਖਾਣੇ,
ਦੱਸੇ ਜਾਂ-ਨਿਸਾਰ ਦੀਵਾਲੀ।
ਦੀਪਕ ਬਾਲ ਲੁਕਾਈ ਲਾਵੇ,
ਖੁਸ਼ੀਆਂ ਨੂੰ ਚੰਨ ਚਾਰ ਦੀਵਾਲੀ।
ਸੀਤਾ, ਨਾਮ ਰਾਮ ਤੋਂ ਪਹਿਲਾਂ,
ਲੈਂਦਾ ਹਰ ਨਰ-ਨਾਰ ਦੀਵਾਲੀ।
ਬਣ ਅਰਧੰਗੀ ਸਾਥ ਨਿਭਾਇਆ,
ਦੁੱਖ-ਸੁੱਖ ਵਿੱਚ ਇਕਸਾਰ ਦੀਵਾਲੀ।

ਜ਼ਾਲਮ ਜਦ ਜਰਵਾਣੇ ਵਧ ਗਏ,
ਪਾਪੀ ਪਾਪ ਕਮਾਣੇ ਵਧ ਗਏ।



Sri Satguru Jagjit Singh Ji eLibrary NamdhariElibrary@gmail.com

ਸਾਧੂ ਸੰਤ ਸਤਾਣੇ ਵਧ ਗਏ,
ਹਰ ਥਾਂ ਜ਼ੁਲਮ ਟਿਕਾਣੇ ਵਧ ਗਏ।
ਰੱਤ ਗਰੀਬਾਂ ਦੀ ਚੂਸਣ ਦੇ,
ਭਾਗੋਆਂ ਦੇ ਆਸ਼ਿਆਨੇ ਵੱਧ ਗਏ।
ਜੂਪ, ਵੇਸਵਾ-ਗਮਨ ਅੱਯਾਸ਼ੀ,
ਦੇ ਅੱਡੇ ਮੈਖ਼ਾਨੇ ਵੱਧ ਗਏ।

ਹੱਕ ਬਿਗਾਨੇ ਖੋਹ-ਖੋਹ ਖਾਣੇ,
ਵਿਹਲੜ ਪੇਟ ਵਧਾਣੇ ਵਧ ਗਏ।
ਸੱਜਣ ਠੱਗ ਤੇ ਕੌਡੇ ਰਾਖ਼ਸ਼,
ਮਾਨਸ ਆਦਮ ਖਾਣੇ ਵੱਧ ਗਏ।
ਰਾਖ਼ਸ਼ ਰਾਵਣ ਬੁਰੀ ਨੀਤੀਆਂ,
ਦਾ ਅੰਤਿਮ ਸਸਕਾਰ ਦੀਵਾਲੀ।
ਅੰਤ ਰਾਵਣ ਦਾ ਰਾਮ ਰਾਜ ਦਾ,
ਸਜਿਆ ਵਿੱਚ ਦਰਬਾਰ ਦੀਵਾਲੀ।

ਝਿਲਮਿਲ ਝਿਲਕਨ ਵਾਂਗੀਂ ਤਾਰੇ,
ਹਰ ਸ਼ਹਿਰ ਦੇ ਵਿਹੜੇ ਗਲ਼ੀਆਂ।
ਰਲ਼ਮਿਲ ਸਈਆਂ, ਘਰ ਘਰ ਅੰਦਰ,
ਖੁਸ਼ੀ ਪੈਗ਼ਾਮ ਪੁਚਾਵਣ ਚੱਲੀਆਂ।
ਸੀਤਾ ਰਾਮ ਅਯੁੱਧਿਆ ਵਾਸੀ,
ਮਾਨਣ ਰਾਗ ਰੰਗ ਮਿਲ ਰਲੀਆਂ।
ਦੇਣ ਵਧਾਈਆਂ ਸਭ ਨੂੰ ਚੱਲੀਆਂ,
ਬੁੱਢੇ ਬੁੱਢੀਆਂ ਉਮਰ ਵਿਚਲੀਆਂ।

ਗਾਵਣ ਗੀਤ ਮਿਠਾਈ ਤੋਹਫ਼ੇ,
ਉਡਨ ਰੇਵੜੀਆਂ ਮੂੰਗਫ਼ਲੀਆਂ।
ਮਿਲਦੀਆਂ ਗਲੀਂ ਤੇ ਤੋਹਫ਼ੇ ਵੰਡਣ,
ਨੱਢੇ, ਨੱਢੀਆਂ ਤੇ ਮਨਚੱਲੀਆਂ।



Sri Satguru Jagjit Singh Ji eLibrary NamdhariElibrary@gmail.com

ਸੁਹਜ ਸਜਾਵਟ ਦੀਆਂ ਮਾਨੋਂ,
ਆਪੋ ਵਿੱਚ ਹੋੜਾਂ ਉੱਠ ਖਲੀਆਂ।
ਮਾਤ ਦੇਣ ਲਈ ਹਰ ਕੋਈ ਫਿਰਦੈ,
ਜ਼ੇਬਾਂ ਰੱਖ ਕੇ ਉੱਤੇ ਤਲੀਆਂ।

ਬਵੰਜਾ ਰਾਜੇ ਮੁਕਤ ਕਰਾਏ,
ਇਸ ਦਿਨ ਹਰਗੋਬਿੰਦ ਗੁਰ ਬਲੀਆਂ।
ਗਵਾਲੀਅਰ ਕਿਲਿਓਂ ਬਾਹਰ ਆਏ,
ਇੱਕ-ਇੱਕ ਚੋਲੇ ਦੀਆਂ ਫੜ ਕਲੀਆਂ।
ਮਾਨ ਮੱਤ ਮੰਦੇ ਕੰਮੀਂ ਇਸਦੀ,
ਰੁਲ਼ ਗਈ ਵਿੱਚ ਪ੍ਰਤਿਸ਼ਠਾ ਗਲੀਆਂ।
ਜੂਆਰੀ, ਹਿੰਸਕ ਵਹਿਸ਼ੀਆਂ,
ਮੂੰਹ ਦੀਵਾਲੀ ਕਾਲਖਾਂ ਮਲੀਆਂ।

ਰਾਮ ਪ੍ਰਤੀ ਭਰਤ ਦੀ ਪ੍ਰੇਮਾ,
ਭਗਤੀ ਦਾ ਇਸਰਾਰ ਦੀਵਾਲੀ।
ਜੂਆ ਖੇਡ ਉੱਜੜ ਕੇ ਕਈਆਂ,
ਕੀਤੀ ਸ਼ਰਮਸਾਰ ਦੀਵਾਲੀ।
ਪੂਜਾ ਲੱਛਮੀ ਖੇਡ ਨਾ ਜੂਆ,
ਤਾਂ ਹੋਊ ਸੁਖਸਾਰ ਦੀਵਾਲੀ।
ਕਹੇ 'ਪ੍ਰਵਾਨਾ' ਬੇੜੀ ਕੰਢੇ,
ਲਾਊ ਖ਼ਿਦਮਤਕਾਰ ਦੀਵਾਲੀ।
***



Sri Satguru Jagjit Singh Ji eLibrary NamdhariElibrary@gmail.com

## ਇਨਸਾਨਾਂ ਦੀ

ਚੰਗੇ ਮੰਦੇ ਕੰਮਾਂ ਕਾਰਣ,
ਪਰਖ਼ ਹੁੰਦੀ ਇਨਸਾਨਾਂ ਦੀ।
ਸ਼ਕਲ ਸੂਰਤੋਂ ਦਿੱਸਨ ਭੋਲੇ,
ਹੈ ਕਰਨੀ ਹੈਵਾਨਾਂ ਦੀ।
ਮੂੰਹੋਂ ਰਾਮ ਬਗ਼ਲ ਵਿੱਚ ਛੁਰੀਆਂ,
ਇਹ ਪਹਿਚਾਣ ਨਾਦਾਨਾਂ ਦੀ।
ਭੇਸ ਵਟਾ ਕੇ ਲੁੱਟਦੀ ਟੋਲੀ,
ਬਗ਼ਲੇ ਭਗਤ ਬੇਈਮਾਨਾਂ ਦੀ।

ਭਲਿਆਂ ਨੂੰ ਅੱਜ ਕੋਈ ਨਾ ਪੁੱਛੇ,
ਜੈ ਜੈ ਕਾਰ ਸ਼ੈਤਾਨਾਂ ਦੀ।
ਹਰ ਸ਼ੈ ਅੰਦਰ ਖੋਟ ਮਿਲਾਣੀ,
ਪੱਧਤੀ ਅੱਜ ਦੁਕਾਨਾਂ ਦੀ।
ਸ਼ੁੱਧ ਅਹਾਰ ਅਚਾਰ ਨਾ ਭਾਉਂਦਾ,
ਇਹ ਆਦਤ ਮਹਿਮਾਨਾਂ ਦੀ।
ਫ਼ੈਸ਼ਨ ਜੜ੍ਹ ਹੈ ਵੱਢੀ ਜਾਂਦਾ,
ਬੁੱਢਿਆਂ ਅਤੇ ਜਵਾਨਾਂ ਦੀ।

ਪੱਛਮੀ ਸੱਭਿਅਤਾ ਨੇ ਘੁੱਟ ਲੀਤੀ,
ਸੰਘੀ ਅੱਜ ਅਰਮਾਨਾਂ ਦੀ।
ਆਵਾ ਊਤ ਗਿਆ ਲੋਕਾਂ ਦਾ,
ਮਾਰੀ ਮੱਤ ਵਿਦਵਾਨਾਂ ਦੀ।
ਨਾਚ, ਨੰਗੇਜ਼ ਤੇ ਟੀ. ਵੀ. ਚੈਨਲ,
ਸ਼ੈਂਹ ਨਿਰੀ ਅਗਿਆਨਾਂ ਦੀ।
ਇਸਦੇ ਕਾਰਣ ਘਟਦੀ ਜਾਂਦੀ,
ਸੋਚ ਧਰਮ ਈਮਾਨਾਂ ਦੀ।

ਨਸ਼ਿਆਂ ਪੱਟਿਆਂ ਨੂੰ ਨਾ ਭਾਉਂਦੀ,
ਗੱਲ ਅੱਜ ਦੀਵਾਨਾਂ ਦੀ।



Sri Satguru Jagjit Singh Ji eLibrary NamdhariElibrary@gmail.com

ਮਹਿੰਗਾਈ ਅੱਜ ਖਾਈ ਜਾਂਦੀ,
ਸੋਚ ਬਣੀ ਗੁਜ਼ਰਾਨਾਂ ਦੀ।
ਤਾਲਬ ਇਲਮਾਂ ਦੇ ਸਿਰ ਚਿੰਤਾ,
ਲਟਕੀ ਰਹੇ ਇਮਤਿਹਾਨਾਂ ਦੀ।
ਦੁਨੀਆਂ ਹੋ ਸ਼ਿਕਾਰ ਰਹੀ ਹੈ,
ਭੂਚਾਲਾਂ ਤੂਫ਼ਾਨਾਂ ਦੀ।

ਦੁਨੀਆਂ ਸਾਰੀ ਅੱਜ ਬੰਦ ਹੈ,
ਮੁੱਠੀ ਵਿੱਚ ਸਾਇੰਸਦਾਨਾਂ ਦੀ।
ਮੌਤ ਅੱਗੇ ਦੱਸ ਚੱਲੇ ਕਿਸਦੀ,
ਦਾਰੂ ਦੁਆ ਗਿਆਨਾਂ ਦੀ।
ਹੱਥੀਂ ਨਬਜ਼ ਫੜੀ ਰਹਿ ਜਾਂਦੀ,
ਵੈਦਾਂ ਤੇ ਲੁਕਮਾਨਾਂ ਦੀ।
ਰੱਬੀ ਰਹਿਮਤ ਬਿਨ ਚੱਲੇ ਨਾ,
ਰੋਜ਼ੇ ਤੇ ਰਮਜ਼ਾਨਾਂ ਦੀ।

ਦੇਣ ਨਵੀਂ ਤੋਂ ਨਵੀਂ ਬੀਮਾਰੀ,
ਖਾਦਾਂ ਦੇ ਪਕਵਾਨਾਂ ਦੀ।
ਕੀਮਤ ਤਦੇ ਚੁਕਾਣੀ ਪੈ ਰਹੀ,
ਖ਼ੁਦ ਸੇੜ੍ਹੇ ਨੁਕਸਾਨਾਂ ਦੀ।
ਅੱਤਵਾਦ ਨੂੰ ਨੱਥ ਪਾਉਣ ਲਈ,
ਲਾ ਲੋ ਬਾਜ਼ੀ ਜਾਨਾਂ ਦੀ।
ਘਾਲ ਅਜ਼ਾਈਂ ਕਦੇ ਨਾ ਜਾਂਦੀ,
ਕੁਰਬਾਨੀ ਬਲਿਦਾਨਾਂ ਦੀ।

ਵੱਗੀ ਵਾ ਸਮੇਂ ਮੱਤ ਮਾਰੀ,
ਵੱਡਿਆਂ ਅੱਜ ਬੁੱਧਵਾਨਾਂ ਦੀ।
ਭੈੜੀ ਦੇਣ ਭਰੂਣ ਹੱਤਿਆ,
ਘਟੀਆ ਲੋਕ ਅੰਜਾਨਾਂ ਦੀ।



Sri Satguru Jagjit Singh Ji eLibrary NamdhariElibrary@gmail.com

ਦਾਜ ਦੌਨ ਦੀ ਬਲੀ ਹੈ ਚੜ੍ਹਦੀ,
ਨਿੱਤ ਨਿੱਤ ਧੀ ਧਿਆਨਾਂ ਦੀ।
ਦੇਸ਼ ਮੱਥਿਓਂ ਦਾਗ਼ ਧੋ ਦਿਓ,
ਲੈ ਸ਼ਕਤੀ ਵਰਦਾਨਾਂ ਦੀ।

ਵਿੱਚ ਧਰਾਤਲ ਧਸੀ ਹਾਂ ਜਾਂਦੇ,
ਯਾਦ ਨਾ ਗੁਰ ਫ਼ੁਰਮਾਨਾਂ ਦੀ।
ਰਿਸ਼ਵਤਖ਼ੋਰੀ ਤੇ ਬਦਚਲਨੀ,
ਟੱਕਰ ਭੈੜੇ ਸਾਨ੍ਹਾਂ ਦੀ।
ਬਦਲੋ ਸੋਚ ਸਿਆਸਤਦਾਨੋਂ,
ਅੱਜ ਦੇ ਹੁਕਮਰਾਨਾਂ ਦੀ।
ਦੇਸ਼ ਨੂੰ ਕਰੋ 'ਪ੍ਰਵਾਨਾ' ਉੱਚਾ,
ਇਹ ਮੰਗ ਸਭ ਇਨਸਾਨਾਂ ਦੀ।
***



Sri Satguru Jagjit Singh Ji eLibrary NamdhariElibrary@gmail.com

## ਇਨਸਾਨ ਏ

ਕੁੱਲੀ ਜੁੱਲੀ ਦਾ ਫ਼ਿਕਰ, ਰਵ੍ਹੇ ਸਭ ਨੂੰ ਹੀ।
ਏਸੇ ਦੌੜ ਭੱਜ ਵਿੱਚ ਲੱਗਾ ਇਨਸਾਨ ਏ।
ਮਾਯਾ ਦੀ ਹਵਸ ਵਿੱਚ, ਐਸਾ ਅੰਨ੍ਹਾ ਹੋਇਆ ਫਿਰੇ,
ਸੋਚੇ ਨਾ ਵਿਚਾਰੇ ਰਤਾ ਗੁਰੂ ਦਾ ਗਿਆਨ ਏ।
ਪੁੱਠੇ ਹਰ ਹਥਕੰਡੇ ਵਰਤਦੈ ਮੂੜ ਮੱਤ,
ਧਰਮ ਸ਼ਰਮ ਛਿੱਕੇ ਟੰਗ ਕੇ ਈਮਾਨ ਏ।
ਲੱਖਾਂ ਤੇ ਕਰੋੜਾਂਪਤੀ ਬਣ ਜਾਵਾਂ ਰਾਤੋ-ਰਾਤ,
ਆਤਮ ਸਰੂਪ ਭੁੱਲਾ ਬਨਿਆ ਸ਼ੈਤਾਨ ਏ।

ਕਿਸੇ ਦਾ ਸ਼ਰੀਕ ਦੱਸੋ ਬਣ ਜਾਵੇ ਕਿਵੇਂ ਕੋਈ,
ਮਿਲਦੀ ਹੈ ਧੁਰੋਂ ਲਿਖੀ ਵਸਤ ਵਰਦਾਨ ਏਂ।
ਕੱਖ ਨੂੰ ਜੇ ਪਾਵੇ ਹੱਥ ਬਣ ਜਾਵੇ ਝੱਟ ਲੱਖ,
ਜਿਦ੍ਹੇ ਭਾਗ ਵਿੱਚ ਓਹੋ ਬਣੇ ਧਨਵਾਨ ਏ।
ਵਿੱਚ ਮਰਿਯਾਦਾ ਰਹਿ ਕਰੇ ਸੰਘਰਸ਼ ਜਿਹੜਾ,
ਫ਼ਲ ਉਹਨੂੰ ਲਾਵੇ ਸੁੱਚਾ ਸੱਚਾ ਭਗਵਾਨ ਏ।
ਮਾਯਾ ਪਾ ਕੇ ਮੁੱਖ ਜਿਦ੍ਹਾ ਰਹੇ ਸਦਾ ਗੁਰੂ ਵੱਲ,
ਦਿਨ ਦੂਣੀ ਰਾਤ ਚੌਣੀ ਵਧੇ ਉਹਦੀ ਸ਼ਾਨ ਏ।

ਘਰ ਬਾਰ ਸੁੱਖ ਛੱਡ ਆਪਣੇ ਸਨੇਹੀ ਤਜ,
ਦੇਸ਼ਾਂ ਤੇ ਵਿਦੇਸ਼ਾਂ ਵਿੱਚ ਰਿਹਾ ਘੱਟਾ ਛਾਨ ਏ।
ਜਿੱਥੇ ਜਾਵੇ ਤਕਦੀਰ ਉਦ੍ਹੇ ਨਾਲ ਹੀ ਅਖ਼ੀਰ,
ਪਹੁੰਚ ਜੇ ਪਾਤਾਲ ਨਾਲ ਚੜ੍ਹੇ ਆਸਮਾਨ ਏ।
ਜਹਾਂ ਦਾਣੇ ਤਹਾਂ ਖਾਣੇ ਕਿਰਤ ਹੀ ਭਵਾਈ ਫ਼ਿਰੇ,
ਵੱਸ ਸਾਡੇ ਕੁਝ ਵੀ ਨਾ ਬਨਿਆ ਨਾਦਾਨ ਏ।
ਭਾਗ ਲੱਗੇ ਸੱਚੀਆਂ ਤੇ ਸੁੱਚੀਆਂ ਮੁਰਾਦਾਂ ਨੂੰ ਹੀ,
ਦੂਨੀ ਦਰਗਾਹ ਵਿੱਚ ਪਾਵੇ ਓਹੀ ਮਾਨ ਏ।

ਵਧੇ ਫ਼ੁਲੀ ਫ਼ਲੀ ਜਾਵੇ, ਦੁੱਧੀਂ ਅਤੇ ਪੁੱਤੀਂ ਨ੍ਹਾਵੇ,
ਓਸੇ ਦਾ ਸਮਾਜ ਵਿੱਚ ਮਾਨ ਸਨਮਾਨ ਏ।



Sri Satguru Jagjit Singh Ji eLibrary NamdhariElibrary@gmail.com

ਚਾਰ ਚੰਨ ਲੱਗਦੇ ਨੇ ਓਸੇ ਦੀ ਇੱਜ਼ਤ ਨੂੰ ਹੀ,
ਆਪਣੇ ਬੇਗ਼ਾਨਿਆਂ 'ਚ ਉੱਚੀ-ਧੌਣ ਸ਼ਾਨ ਏ।
ਵੱਡਿਆਂ ਵਡੇਰਿਆਂ ਦਾ ਰੱਖੇ ਸਨਮਾਨ ਜਿਹੜਾ,
ਉਨ੍ਹਾਂ ਦੀ ਅਸੀਸਾਂ ਦਾ ਹੀ ਲੱਗੇ ਫ਼ਲਦਾਨ ਏ।
ਕਹੇ 'ਪਰਵਾਨਾ' ਹੁੰਦੇ ਮਾਨ ਜੋ ਨਿਮਾਨਾ ਰਹੇ,
ਕਰਦਾ ਕਦਰ ਓਦ੍ਹੀ ਸਗਲ ਜਹਾਨ ਏ।
***



Sri Satguru Jagjit Singh Ji eLibrary NamdhariElibrary@gmail.com

## ਸੁੱਕਾ ਸਾਵਣ

ਵਿੱਚ ਉਡੀਕਾਂ ਅੱਖਾਂ ਪੱਕੀਆਂ,
ਫਿਰ ਵੀ ਬੱਦਲ ਨਹੀਂ ਪਧਾਰੇ।
ਪਾਣੀ ਦੀ ਛਿੱਟ ਮੂਲ ਨਾ ਬਰਸੀ,
ਹਾ ਹਾ ਕਰਦੇ ਜੰਤ ਵਿਚਾਰੇ।
ਅੱਗ ਦੇ ਲਾਂਬੂ ਸੂਰਜ ਉਗਲੇ,
ਧਰਤੀ ਸੇਕ ਉਛਾਲੇ ਮਾਰੇ।
ਗਰਮ ਹਵਾਵਾਂ ਲੂਹ-ਲੂਹ ਸੁੱਟਣ,
ਬ੍ਰਿਖ ਛਾਇਆ ਵੀ ਤਨ ਮਨ ਸਾੜੇ।
ਏਨਾਂ ਜ਼ੁਲਮ ਕੀ ਹੋਇਆ ਸਾਥੋਂ,
ਸਾਵਣ ਸੁੱਕਾ ਲੰਘਿਆ ਸਾਰੇ।
ਆਪਣਾ ਬਿਰਧ ਪਛਾਣੋ ਆਪੇ,
ਜਲ ਬਰਸਾਵੋ ਬਖਸ਼ਣਹਾਰੇ।

ਪਿਹੂ-ਪਿਹੂ ਚਵੈ ਬਬੀਹਾ ਬੋਲੇ,
ਉੱਚੀ-ਉੱਚੀ ਟੇਰ ਪੁਕਾਰੇ।
ਮੂਸਲਧਾਰ ਵਰ੍ਹਾ ਦੇ ਵਰਸ਼ਾ,
ਕਿਉਂ ਸੁੱਟੀ ਜਾਨੈਂ ਅੰਗਿਆਰੇਂ।
ਮੇਘ ਬਿਨਾਂ ਅਵਨੀ ਮੁਰਝਾਈ,
ਫ਼ਸਲਾਂ ਮਾਰਨ ਹਾਅ ਦੇ ਨਾਅਰੇ।
ਸੁਣੀ ਪੁਕਾਰ ਗਈ ਨਾ ਉਸਦੀ,
ਰੱਬ ਸੁੱਤਾ ਜਿਮ ਹੋਸ਼ ਵਿਸਾਰੇ।
ਬੱਦਲ ਆਉਂਦੇ ਤੇ ਮੁੜ ਜਾਂਦੇ,
ਕੀਹਦਾ ਡਰ ਉਹਨਾਂ ਨੂੰ ਮਾਰੇ।
ਕਿਧਰੇ ਡੋਬੇ ਕਿਧਰੇ ਸੋਕੇ,
ਰੱਬਾ ਤੇਰੇ ਰੰਗ ਨਿਆਰੇ।

ਜੇ ਚਾਹੈਂ ਤਾਂ ਜਲ ਥਲ ਕਰਦੈਂ,
ਭੁੱਜੇ ਉੱਗਣ ਮੋਠ ਦੁਬਾਰੇ।
ਥਲੀਂ ਅਸਗਾਹ ਵਗਾਵੈਂ ਨਦੀਆਂ,
ਨਦੀਆਂ ਦੇ ਵਿੱਚ ਟਿੱਬੇ ਉਸਾਰੇ।



Sri Satguru Jagjit Singh Ji eLibrary NamdhariElibrary@gmail.com

ਬੀਆਬਾਨੀਂ ਕਮਲ ਖਿਲਾਵੇਂ,
ਰੋਸ਼ਨ ਕਰੇਂ ਭਵਨ ਅੰਧਿਆਰੇ।
ਕੱਖ ਗਲ਼ੀ ਦੇ ਵੈਰੀ ਜਿਸਦੇ,
ਉਨ੍ਹਾਂ ਦੇ ਸਿਰ ਛਤ੍ਰ ਝੁਲਾਰੇ।
ਡੁੱਬਣ ਜੋ ਮਲਾਹਾਂ ਬਾਝੋਂ,
ਬੇੜੇ ਪਲ਼ ਵਿੱਚ ਲਾਏਂ ਕਿਨਾਰੇ।
ਡਾਢੇ ਦਾ ਸੌਂ ਸੱਤੀ ਵੀਹੀਂ,
ਮਾੜਾ ਅੱਗੋਂ ਅਰਜ਼ ਗੁਜ਼ਾਰੇ।

ਠੰਢੀ ਪੌਣ ਹਵਾ ਦੇ ਝੋਂਕੇ,
ਨਾ ਮਲੀਆਗਰ ਸੀਤ ਫ਼ੁਹਾਰੇ।
ਬਾਗੀਂ ਮੋਰਾਂ ਪੈਲ ਪਾਈ ਨ
ਸਖ਼ੀਆਂ ਪੀਂਘਾਂ ਲਏ ਹੁਲਾਰੇ।
ਨਾ ਗਿੱਧਿਆਂ ਦੀਆਂ ਪੈਣ ਧਮਾਲਾਂ,
ਨਾ ਹਾਸੇ ਵੰਗਾਂ ਛਣਕਾਰੇ।
ਧੀਆਂ ਤੀਜ ਮਨੌਣੀ ਕੀ ਸੀ,
ਸਾਹ ਲੈਣੇ ਵੀ ਹੋ ਗਏ ਭਾਰੇ।
ਪੱਥਰ ਦਿਲ ਤੂੰ ਨਰਮ ਨਾ ਹੋਇਓਂ,
ਮਿੰਨਤਾਂ ਕਰ-ਕਰ ਲੋਕੀਂ ਹਾਰੇ।
ਕੰਨ ਤੇਰੇ ਤੇ ਜੂੰ ਨਾ ਸਰਕੀ,
ਵਾਹ ਓਇ ਰੱਬਾ ਤੇਰੇ ਕਾਰੇ।
***



Sri Satguru Jagjit Singh Ji eLibrary NamdhariElibrary@gmail.com

## ਅਮਰ ਕਹਾਣੀ

ਅਰਜਨ ਗ਼ਹਿਰ ਗੰਭੀਰ ਗੁਰੂ ਦੀ,
ਬੜੀ ਅਨੋਖੀ ਹੈ ਕੁਰਬਾਨੀ।
ਦੁਨੀਆਂ ਦਾ ਇਤਿਹਾਸ ਹੈ ਸਾਖੀ,
ਐਂਵੇਂ ਗੱਲ ਨਹੀਂ ਮੂੰਹ ਜ਼ੁਬਾਨੀ।
ਦੁਨੀਆਂ ਅੱਜ ਤੱਕ ਸਿਜਦੇ ਕਰਦੀ,
ਬੇਸ਼ੱਕ ਹੋ ਗਈ ਗੱਲ ਪੁਰਾਣੀ।
ਤਾਰਿਆਂ ਵਾਂਗੂੰ ਚਮਕ ਰਹੀ ਏ,
ਮਾਨੋਂ ਕੱਲ੍ਹ ਦੀ ਜਿਵੇਂ ਕਹਾਣੀ।
ਜ਼ੁਲਮ ਤੇ ਜ਼ਬਰ ਤਸ਼ੱਦਦ ਦੀ ਸੀ,
ਰੋਕੀ ਜਿਸ ਰਫ਼ਤਾਰ ਤੂਫ਼ਾਨੀ।
ਧਰਮ ਅਣਖ ਤੇ ਗੌਰਵਤਾ ਦੀ,
ਦਿੱਤੀ ਹੋਣ ਨਹੀਂ ਪਰ ਹਾਨੀ।
ਜੇਠ ਮਹੀਨਾ ਭੱਠ ਅਗਨ ਦਾ,
ਵਰਤ ਰਿਹਾ ਸੀ ਕਹਿਰ ਮਹਾਨੀ।
ਲਾਲ ਲੋਹ ਅੰਗਿਆਰ ਬਣੀ ਸੀ,
ਬਰਸ ਰਹੀ ਸੀ ਅੱਗ ਸ਼ੈਤਾਨੀ।
ਉੱਤੇ ਅਰਜਨ ਮਾਰ ਚੌਂਕੜਾ,
ਬੈਠਾ ਸੀਗਾ ਬ੍ਰਹਮ ਗਿਆਨੀ।
ਤੇਰਾ ਭਾਣਾ ਮੀਠਾ ਲਾਗੈ,
ਪੜ੍ਹਦਾ ਮੁੱਖੋਂ ਸੀ ਇਹ ਬਾਣੀ।
ਜਾਮਿ ਸ਼ਹਾਦਤ ਹੱਸ-ਹੱਸ ਪੀਤਾ,
ਖਿੜੇ ਮੱਥੇ ਨਹੀਂ ਆਈ ਗਿਲਾਨੀ।
ਪਰਲੋ ਤੀਕਰ ਯਾਦ ਰਹੇਗੀ,
ਵਿੱਚ ਇਤਿਹਾਸੀਂ ਅਮਰ ਨਿਸ਼ਾਨੀ।
ਚੰਦੂ ਚੰਦਰੇ ਜ਼ੁਲਮ ਕਮਾਇਆ,
ਕੀਤੀ ਹੱਦੋਂ ਵੱਧ ਮਨਮਾਨੀ।
ਕੋਮਲ ਜਿੰਦ ਮਲੂਕ ਤਪਾਈ,
ਫਰਜ਼ ਭੁਲਾਇ ਸਭ ਇਨਸਾਨੀ।
ਗਰਮ ਰੇਤ ਦੇ ਕੜਛੇ ਸਿਰ ਤੋਂ,
ਡੋਲ੍ਹ-ਡੋਲ੍ਹ ਸੀ ਲੂਹੀ ਜਵਾਨੀ।



Sri Satguru Jagjit Singh Ji eLibrary NamdhariElibrary@gmail.com

ਰਿਹੋਂ ਸ਼ਾਂਤ ਪਰ ਤੂੰ ਨਾ ਝਵਿਓਂ,
ਧੰਨ ਤੂੰ ਤੇ ਧੰਨ ਮਾਤਾ ਭਾਨੀ।
ਕਹਿਰ ਅੱਤ ਦਾ ਅੱਖੀਂ ਤੱਕ ਕੇ,
ਮੀਆਂ ਮੀਰ ਦੀ ਵਧੀ ਹੈਰਾਨੀ।
ਹੱਥ ਜੋੜ ਉਸ ਅਰਜ਼ ਗੁਜ਼ਾਰੀ,
ਦਾਤਾ ਹੋਵੇ ਜੇ ਫ਼ੁਰਮਾਨੀ।
ਦਿੱਲੀ ਅਤੇ ਲਾਹੌਰ ਦੋਹਾਂ ਨੂੰ,
ਦਿਆਂ ਉਡਾ ਨਾ ਮਿਲੇ ਨਿਸ਼ਾਨੀ।
ਮਜ਼ਾ ਚਖ਼ਾਵਾਂ ਜ਼ੁਲਮ ਦਾ ਐਸਾ,
ਰੋਵਣ ਚੇਤੇ ਕਰ-ਕਰ ਨਾਨੀ।
ਸ਼ਾਂਤੀ ਪੁੰਜ ਸਿਰਤਾਜ ਸ਼ਹਾਦਤ,
ਭੋਲੇ ਅਰਜ਼ ਸਹਿਜ ਸੁਭਾਨੀ।
ਨਾਲ ਠੋਕਰਾਂ ਸਦਾ ਹੈ ਹੁੰਦੀ,
ਦਰਿਆਵਾਂ ਦੀ ਤੇਜ਼ ਰਵਾਨੀ।
ਹੱਸ-ਹੱਸ ਵਾਰ ਜ਼ੁਲਮ ਦੇ ਸਹਿਣੇ,
ਕਰਨੀ ਸ਼ਾਂਤੀ ਦੀ ਸਿਰਜਾਨੀ।
ਦੁਨੀਆਂ ਦੇ ਹਰ ਕੋਨੇ-ਕੋਨੇ,
ਗੂੰਜੂ ਗਾਥਾ ਅਮਰ ਲਾਸਾਨੀ।

ਸੜਦੀਆਂ ਰੂਹਾਂ ਸਾੜਨ ਵਾਲੀ,
'ਕੱਠੀ ਕੀਤੀ ਸਭ ਗੁਰਬਾਣੀ।
ਆਦਿ ਗ੍ਰੰਥ ਦੀ ਬੀੜ ਬਣਾ ਕੇ,
ਸ਼ਕਤੀ ਇਸ ਵਿੱਚ ਭਰੀ ਰੂਹਾਨੀ।
ਸ਼ਰਧਾ ਨਾਲ ਪੜ੍ਹੋ ਜੋ ਇਸਨੂੰ,
ਗੁਰ-ਮਾਰਗ ਦੀ ਹੋਇ ਪਛਾਣੀ।
ਜਿਤ ਲਗ ਭਉਜਲ ਪਾਰ ਪਰੇ,
ਭਵ-ਸਾਗਰ ਸਿੰਧ ਤਰੇ ਆਸਾਨੀ।

ਗੁਰ ਅਰਜਨ ਪ੍ਰਤੱਖ ਹਰੀ ਹਰ,
ਜੁਗ ਜੁਗ ਪੀੜ੍ਹੀ ਗੁਰੂ ਚਲਾਨੀ।



Sri Satguru Jagjit Singh Ji eLibrary NamdhariElibrary@gmail.com

ਮਰਨਾ ਸੱਚ, ਝੂਠ ਜੱਗ ਜੀਣਾ,
ਸੰਤਨ ਬਿਨ ਇਹ ਅਵਰ ਨਾ ਜਾਨੀ।
ਸਿਰੋਂ ਪਰੇ ਪ੍ਰੇਮ ਦਾ ਡੇਰਾ,
ਪ੍ਰੀਤ ਰੀਤ ਵਿਰਲੇ ਪਹਿਚਾਨੀ।
ਝਾਗ ਔਕੜਾਂ ਲੱਖਾਂ ਸਿਰ ਤੇ,
ਰੱਖੀ ਕਾਇਮ ਧਰਮ ਨਿਸ਼ਾਨੀ।
ਛਾਲੇ-ਛਾਲੇ ਜਿਸਮ ਹੋ ਗਿਆ,
ਦੂਣ-ਸਵਾਈ ਰੂਹ ਮੁਸਕਾਨੀ।
ਕੱਚੇ-ਚੰਮ੍ਹ ਗਊ ਵਿੱਚ ਮੜ੍ਹਨੇ,
ਦੀ ਇਹ ਸੁਣੀ ਜਦੋਂ ਐਲਾਨੀ।
ਰਾਵੀ 'ਚੋਂ ਇਸ਼ਨਾਨ ਪਾਠ ਕਰ,
ਓੜ੍ਹ ਚੱਦਰ ਹੋਇ ਅੰਤਰ-ਧਯਾਨੀ।
ਜਿਉਂ ਜਲ ਮੈਂ ਜਲ ਆਏ ਖਟਾਨਾ,
ਤਿਉਂ ਜੋਤੀ ਸੰਗ ਜੋਤਿ ਸਮਾਨੀ।
***



Sri Satguru Jagjit Singh Ji eLibrary NamdhariElibrary@gmail.com

## ਸਾਡਾ ਝੁੱਗਾ ਸ਼ਰਾਬ ਉਜਾੜਿਆ ਏ

ਰਤਨ ਚੌਧਵਾਂ ਆਖ ਸਤਿਕਾਰਦੇ ਨੇ,
ਅਮਲੀ ਐਸੀ ਮਹਿਬੂਬਾ ਤੋਂ ਜਾਣ ਸਦਕੇ।
ਇਸ਼ਟ ਦੇਵ ਅੱਲਾ ਤੇ ਮਸੀਹ ਇਹੋ,
ਗੁੱਟ ਨਸ਼ੇ ਵਿੱਚ ਕਹਿਣ ਭਗਵਾਨ ਸਦਕੇ।
ਲਾਲ ਪਰੀ ਇਹ ਜੇ ਨਾ ਆਈ ਹੁੰਦੀ,
ਜਾਣੀ ਉਮਰ ਸੀ ਐਂਵੇਂ ਵੀਰਾਨ ਸਦਕੇ।
ਇਹਦੀ ਮਸਤੀ ਹੈ ਪ੍ਰਿਯਾ ਕਲੋਲ ਮਸਤੀ,
ਪੀ ਕੇ ਕਹਿਣ ਵਾਹ! ਕੇਡੀ ਹੈ ਸ਼ਾਨ ਸਦਕੇ।
ਇਸ ਬੇਦਰਦ ਮਹਿਬੂਬ ਵਫ਼ਾਓਂ ਖਾਲੀ,
ਹਿੱਕ ਉੱਤੇ ਨਾਸੂਰ ਉਸਾਰਿਆ ਏ।
ਆਵੇ ਚੈਨ ਕਿੱਦਾਂ ਅੰਦਰ ਭਾਹ ਮੱਚੀ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।

ਇਹਨੂੰ ਪੀ ਕੇ ਹੋਏ ਬਰਬਾਦ ਯਾਦਵ,
ਨਸ਼ਟ ਕਰ ਲੀਤਾ ਖ਼ਾਨਦਾਨ ਸਾਰਾ।
ਜਾਂ ਫਿਰ ਪੁੱਛ ਲੌ ਸ਼ਾਹ ਰੰਗੀਲੇ ਕੋਲੋਂ,
ਮਿਟ ਗਈ ਸਲਤਨਤ ਸ਼ਾਹੀ ਅਰਮਾਨ ਸਾਰਾ।
ਚੋਰੀ ਯਾਰੀ ਤੇ ਵੇਸਵਾ-ਗਮਨ ਦੇ ਕੇ,
ਲੈਂਦੀ ਨਸ਼ੇ ਵਿੱਚ ਰੋੜ੍ਹ ਗਿਆਨ ਸਾਰਾ।
ਕਲਹ ਝਗੜੇ ਫਸਾਦਾਂ ਦੀ ਜੜ੍ਹ ਹੈ ਇਹ,
ਦੁਸ਼ਮਣ ਦਏ ਬਣਾ ਜਹਾਨ ਸਾਰਾ।
ਇਹਦੀ ਬੋਤਲ ਦੇ ਤਿੱਖਿਆਂ ਕਿੰਕਰਾਂ ਨੇ,
ਵਿਝ ਕੇ ਕੌਮ ਦੀ ਹਿੱਕ ਨੂੰ ਪਾੜਿਆ ਏ।
ਕੌਡੀ-ਕੌਡੀ ਲਈ ਬਣੇ ਮੁਥਾਜ਼ ਫਿਰੀਏ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।

ਬਾਹਰੋਂ ਆਏ ਦੇ ਮਾਨ-ਸਨਮਾਨ ਦੇ ਲਈ,
ਇਹਦੇ ਬਿਨਾਂ ਨਹੀਂ ਖ਼ਾਸ ਸਨਮਾਨ ਹੁੰਦਾ।
ਟੀ ਪਾਰਟੀ ਮਹਿਫ਼ਲਾਂ ਕੌਂਸਲਾਂ ਵਿੱਚ,
ਹਜ਼ਮ ਏਸ ਬਿਨ ਨਹੀਂ ਪਕਵਾਨ ਹੁੰਦਾ।



Sri Satguru Jagjit Singh Ji eLibrary NamdhariElibrary@gmail.com

ਲੱਖਾਂ ਅਰਬਾਂ ਨੂੰ ਡੈਣ ਇਹ ਭੱਛ ਜਾਂਦੀ।
ਰੋਈਏ ਕਿਉਂ ਨਹੀਂ ਮੁਲਕ ਬਲਵਾਨ ਹੁੰਦਾ।
ਹੱਥੀਂ ਰੋੜ੍ਹ ਕੇ ਧਨ ਨੂੰ ਹੜ ਵਾਂਗੂੰ,
ਕਹਿਣ ਯਾਰ ਨਹੀਂ ਝੱਟ ਟਪਾਣ ਹੁੰਦਾ।
ਸਾੜ ਹੁਸਨ ਜਵਾਨੀ ਤੇ ਸੁਹਜ ਸਾਰਾ,
ਪ੍ਰਸਪਰ ਮੇਲ ਇਤਫ਼ਾਕ ਇਸ ਪਾੜਿਆ ਏ।
ਭਾਰਤ ਮਾਤ ਕੰਗਲੀ ਬਣੀ ਕਹਿ ਰਹੀ ਏ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।

ਸਮਝੇ ਭੈਣ ਨੂੰ ਇਸਤਰੀ, ਧੀ ਨੂੰ ਮਾਂ,
ਹੋਇਆ ਨਸ਼ੇ ਵਿੱਚ ਗੁੱਟ ਇਨਸਾਨ ਬਉਰਾ।
ਭੜਥੂ ਪਾਵੇ ਅਤੇ ਖੌਰੂ ਪੁੱਟਦਾ ਏ,
ਜਿਵੇਂ ਮਾਲੀਏ ਵਿੱਚ ਹੈਵਾਨ ਬਉਰਾ।
ਗੰਦੇ ਨਾਲ਼ੇ ਵਿੱਚ ਡਿੱਗਿਆ ਲੇਟਿਆ ਰਹੇ,
ਵਿੱਚ ਕਰ ਰਿਹਾ ਰੂਸੀ ਵਿਮਾਨ ਬਉਰਾ।
ਕੁੱਤਾ ਮੂੰਹ ਚੱਟੇ ਕਹੇ ਪੱਪੂ ਦੀ ਮਾਂ,
ਜ਼ੁਲਫ਼ ਪੂਛ ਨੂੰ ਕਹਿ ਅਗਿਆਨ ਬਉਰਾ।
ਏਸ ਜ਼ਹਿਰ ਨੂੰ ਉਮਰ ਬਣਬਾਸ ਦੇਈਏ,
ਜਿਨ੍ਹੇਂ ਜੀਵਨ ਮਨੁੱਖੀ ਲੰਗਾਰਿਆ ਏ।
ਪਾਟੇ ਗਲ਼ਮੇ ਤੱਕ 'ਪਰਵਾਨੇ' ਕਿਹਾ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।
***



Sri Satguru Jagjit Singh Ji eLibrary NamdhariElibrary@gmail.com

## ਸਾਵਣ

ਪੌਣ ਨਸ਼ੀਲ਼ੀ ਰੁਮਕ ਪਈ, ਮਸਤੀ ਛਾਈ ਚੁਫ਼ੇਰ।
ਰਿਮਝਿਮ ਅੰਬਰ ਵਰਸਦਾ, ਮੋਤੀ ਰਿਹਾ ਬਖੇਰ।
ਮਹਿਕਿਆ ਕਣ-ਕਣ ਧਰਤ ਦਾ, ਮਿਟ ਗਈ ਤ੍ਰਿਖਾ ਤ੍ਰੇੜ।
ਜੰਗਲ ਬੇਲੇ ਮਹਿਕ ਪਏ, ਉੱਡ ਗਿਆ ਗਰਦ ਗੁਬੇਰ।
ਕਲੀਆਂ ਰੂਪ ਵਟਾ ਲਿਆ, ਚੜ੍ਹਿਆ ਹੁਸਨ ਹਨ੍ਹੇਰ।
ਗੀਤ ਛੁਹ ਲਏ ਭੌਰਿਆਂ, ਪਾਉਂਦੇ ਘੁੰਮਣਘੇਰ।
ਆਇਆ ਸਾਵਣ ਝੂਮਦਾ, ਲੈ ਖੁਸ਼ੀਆਂ ਭਰੀ ਪਟੇਰ।
ਕਾਮੇ ਕਿਰਤੀ ਜਾਗ ਪਏ, ਰੰਗਲੀ ਹੋਊ ਸਵੇਰ।
ਗ਼ੁਰਬਤ ਸੰਗ ਸੰਗ੍ਰਾਮੀਏਂ, ਲੜਦੇ ਹੋ ਦਲੇਰ।
ਨਰਮੇ ਅਤੇ ਝੋਨਿਆਂ, ਦੇਣੀ ਕਿਸਮਤ ਫੇਰ।
ਖੇਤੀਂ ਲੱਛਮੀ ਨੱਚਦੀ, ਖੁਸ਼ ਹੋਇਆ ਕੁਬੇਰ।
ਭੁੱਖ ਕੰਗਾਲੀ ਭੂਤ ਦੇ, ਪੈਣੀ ਮੂੰਹ ਚਪੇੜ।
ਖੁਸ਼ਹਾਲੀ ਦੇ ਆਉਣ ਵਿੱਚ, ਰਤਾ ਨਹੀਂ ਹੁਣ ਦੇਰ।

ਪਿੱਪਲੀਂ ਪੀਂਘਾਂ ਝੂਟਦੇ, ਨੱਢੀਆਂ ਨੱਢੇ ਸ਼ੇਰ।
ਗਿੱਧਾ ਪਾਉਣ ਗਭਰੇਟੀਆਂ, ਇੱਕ ਦੂਜੀ ਨੂੰ ਛੇੜ।
ਬੋਲੀ ਪਾ ਪਾ ਨੱਚਦੀਆਂ, ਥੱਕਣ ਨਾ ਇੱਕ ਵੇਰ।
ਚੜ੍ਹੀ ਖ਼ੁਮਾਰੀ ਹੁਸਨ ਦੀ, ਜੋਬਨ ਸਿਖ਼ਰ ਦੁਪਹਿਰ।
ਸਾਵਨ ਸੱਈਆਂ ਰੱਤੀਆਂ, ਬੰਨ੍ਹ ਸੱਧਰਾਂ ਦੀ ਡੋਰ।
ਸਾਡੇ ਭਾਗ ਨਿਖੁੱਟ ਗਏ, ਪ੍ਰੀਤਮ ਗਿਆ ਵਿਛੋੜ।
ਬ੍ਰਿਹੋਂ ਦਿੱਤੀਆਂ ਸੱਧਰਾਂ, ਨਿੰਬੂ ਵਾਂਗ ਨਿਚੋੜ।
ਸਬਰ ਚੈਨ ਸਭ ਲੁੱਟਿਆ, ਧੁਖ ਧੁਖ ਉੱਠਣ ਮੋੜ।
ਤੜਫਾਂ ਵਿੱਚ ਜੁਦਾਈ ਦੇ, ਚੰਦਾ ਬਿਨਾਂ ਚਕੋਰ।
ਬੈਠੀ ਸੰਗਤ ਕੂਕਦੀ, ਪਾ ਵਤਨਾਂ ਵੱਲ ਮੋੜ।
ਹਾੜਾ ਮੰਨ ਪਰਦੇਸੀਆ, ਮੇਰਾ ਤਰਲੈ ਨਹੀਂ ਕੋਈ ਜੋਰ।
ਸਉਣ ਤਿਰਹਾਈਆਂ ਬ੍ਰਿਹਨਾਂ, ਰੋਂਦੀਆਂ ਹੰਝੂ ਕੇਰ।
ਬਾਝ ਪਿਆਰੇ ਆਪਣੇ, ਪੁੰਨਿਆਂ ਘੁੱਪ ਹਨੇਰ।
***



Sri Satguru Jagjit Singh Ji eLibrary NamdhariElibrary@gmail.com